रजिस्ट्री सं. : डी-221

Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

# भारत का राजपत्र
# The Gazette of India
# ਭਾਰਤ ਦਾ ਗੱਜ਼ਟ

*असाधारण
EXTRAORDINARY
ਅਸਾਧਾਰਣ
भाग XIV-अनुभाग-1
PART-XIV-SECTION-1
ਭਾਗ-XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

| | | | | | |
|---|---|---|---|---|---|
| स० 2] | नई दिल्ली, | मंगलवार, | 6 अक्तूबर, | 2020/14 आश्वन, 1942 | (शक) [खण्ड-XVI] |
| NO. 2] | NEW DELHI, | Tuesday, | 6 October, | 2020/14 ASVINA, 1942 | (SAKA) [VOL-XVI] |
| ਨੰ: 2] | ਨਵੀਂ ਦਿੱਲੀ, | ਮੰਗਲਵਾਰ, | 6 ਅਕਤੂਬਰ, | 2020/14 ਅੱਸੂ, 1942 | (ਸ਼ਕ) [ਜਿਲਦ-XVI] |

## MINISTRY OF LAW AND JUSTICE
## (LEGISLATIVE DEPARTMENT)

NEW DELHI, TUESDAY, OCTOBER 6, 2020/ 14 ASVINA, 1942 (SAKA)

The translation in Punjabi of (1) The Gram Nyayalayas Act, 2008, (2) The Land Ports Authority of India Act, 2010 and (3) The National Food Security Act, 2013 are hereby published under the authority of the President and shall be deemed to be the authoritative text thereof in Punjabi under clause (a) of Section 2 of the Authoritative Texts (Central Laws) Act, 1973 (50 of 1973).

## ਕਾਨੂੰਨ ਅਤੇ ਨਿਆਂ ਮੰਤ੍ਰਾਲਾ
## (ਵਿਧਾਨ ਵਿਭਾਗ)

ਨਵੀਂ ਦਿੱਲੀ, ਮੰਗਲਵਾਰ, 6 ਅਕਤੂਬਰ, 2020/14 ਅੱਸੂ, 1942 (ਸ਼ਕ)

(1) ਗ੍ਰਾਮ ਨਿਆਂਲੇ ਐਕਟ, 2008 (2) ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਐਕਟ, 2010 ਅਤੇ (3) ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ, 2013 ਦਾ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ੳ) ਅਧੀਨ ਉਸ ਦਾ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ।

# ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013

## 2013 ਦਾ ਐਕਟ ਨੰ: 20

[10 ਸਤੰਬਰ, 2013]

ਜਨ ਸਧਾਰਨ ਨੂੰ ਸਨਮਾਨ ਨਾਲ ਜੀਵਨ ਜਿਉਣ ਲਈ ਗੁੰਜ਼ਾਇਸ਼ਯੋਗ ਕੀਮਤਾਂ ਤੇ ਚੋਖੀ ਮਾਤਰਾ ਵਿੱਚ ਕੁਆਲਿਟੀ ਖੁਰਾਕ ਤੱਕ ਪਹੁੰਚ ਨੂੰ ਸੁਨਿਸ਼ਚਤ ਕਰਕੇ, ਮਨੁੱਖੀ ਜੀਵਨ ਦੇ ਚੱਕਰ ਮਾਰਗ ਵਿੱਚ ਖੁਰਾਕ ਅਤੇ ਪੋਸ਼ਟਿਕਤਾ ਬਾਰੇ ਸੁਰੱਖਿਆ ਅਤੇ ਉਸ ਨਾਲ ਤਲੱਕ ਰੱਖਦੇ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਦਾ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਚੌਹਠਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

### ਅਧਿਆਏ I

### ਪ੍ਰਾਰੰਭਕ

ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਸਾਰੇ ਭਾਰਤ ਤੇ ਹੈ।

(3) ਹੋਰਵੇਂ ਉਪਬੰਧਤ ਨੂੰ ਛੱਡਕੇ, ਇਹ 5 ਜੁਲਾਈ, 2013 ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,-

(1) "ਆਂਗਨਵਾੜੀ" ਦਾ ਮਤਲਬ ਹੈ ਧਾਰਾ 4, ਧਾਰਾ 5 ਦੀ ਉਪ-ਧਾਰਾ (1) ਦੇ ਖੰਡ (ੳ) ਅਤੇ ਧਾਰਾ 6 ਵਿੱਚ ਆਉਂਦੀਆਂ ਸੇਵਾਵਾਂ ਦੇਣ ਲਈ ਕੇਂਦਰੀ ਸਰਕਾਰ ਦੀਆਂ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਧੀਨ ਸਥਾਪਤ ਬਾਲ ਦੇਖ-ਭਾਲ ਅਤੇ ਵਿਕਾਸ ਕੇਂਦਰ;

(2) "ਕੇਂਦਰੀ ਪੂਲ" ਦਾ ਮਤਲਬ ਹੈ ਅਨਾਜ ਦਾ ਅਜਿਹਾ ਸਟੌਕ ਜੋ-

(i) ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੁਆਰਾ ਘੱਟ ਤੋਂ ਘੱਟ ਸਮੱਰਥਨ ਕੀਮਤ ਕਿਰਿਆ ਪ੍ਰਨਾਲੀ ਰਾਹੀਂ ਉਪਾਪਤ ਕੀਤਾ ਜਾਂਦਾ ਹੈ;

(ii) ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ, ਹੋਰ ਭਲਾਈ ਸਕੀਮਾਂ ਜਿਸ ਵਿੱਚ ਮੁਸੀਬਤ ਰਾਹਤ ਵੀ ਸ਼ਾਮਲ ਹੈ ਅਤੇ ਅਜਿਹੀਆਂ ਹੋਰ ਸਕੀਮਾਂ ਅਧੀਨ ਵਿਵਸਥਾ ਕਾਇਮ ਰੱਖੀ ਜਾਂਦੀ ਹੈ;

(iii) ਉਪ ਖੰਡ (ii) ਵਿਚ ਹਵਾਲਾ ਦਿੱਤੀਆਂ ਸਕੀਮਾਂ ਲਈ ਰਾਖਵਿਆਂ ਵਜੋਂ ਰੱਖਿਆ ਜਾਂਦਾ ਹੈ;

(3) "ਪਾਤਰ ਟੱਬਰ" ਦਾ ਮਤਲਬ ਹੈ ਧਾਰਾ 3 ਦੀ ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਪਹਿਲ ਪ੍ਰਾਪਤ ਟੱਬਰ ਅਤੇ ਅਨਤੋਦਿਆਂ ਅੰਨ ਯੋਜਨਾ ਅਧੀਨ ਆਉਂਦੇ ਟੱਬਰ;

(4) "ਉਚਿਤ ਕੀਮਤ ਦੁਕਾਨ" ਦਾ ਮਤਲਬ ਹੈ ਅਜਿਹੀ ਦੁਕਾਨ ਜਿਸ

1955 ਦਾ 10 ਨੂੰ ਅੱਵਸ਼ਕ ਵਸਤਾਂ ਐਕਟ, 1955 ਦੀ ਧਾਰਾ 3 ਅਧੀਨ ਜਾਰੀ ਕੀਤੇ ਗਏ

ਕਿਸੇ ਹੁਕਮ ਦੁਆਰਾ ਟੀਚਾ-ਪੂਰਤੀ ਪਬਲਿਕ ਫੰਡ ਪ੍ਰਣਾਲੀ ਅਧੀਨ ਰਾਸ਼ਨ ਕਾਰਡ ਧਾਰਕਾਂ ਨੂੰ ਅੱਵਸ਼ਕ ਵਸਤਾਂ ਦੀ ਵੰਡ ਕਰਨ ਲਈ ਲਸੰਸ ਦਿੱਤਾ ਗਿਆ ਹੈ;

(5) "ਅਨਾਜ" ਦਾ ਮਤਲਬ ਹੈ ਚਾਵਲ, ਕਣਕ ਜਾਂ ਮੋਟਾ ਅਨਾਜ ਜਾਂ ਉਨ੍ਹਾਂ ਦਾ ਕੋਈ ਮੇਲ, ਜੋ ਅਜਿਹੇ ਕੁਆਲਿਟੀ ਮਾਪ-ਦੰਡਾਂ ਦੇ ਅਨਰੂਪ ਹੋਵੇ, ਜੋ ਕੇਂਦਰੀ ਸਰਕਾਰ ਸਮੇਂ ਸਮੇਂ ਤੇ, ਹੁਕਮ ਦੁਆਰਾ, ਨਿਰਧਾਰਤ ਕਰੇ;

(6) "ਖੁਰਾਕ ਸੁਰੱਖਿਆ" ਦਾ ਮਤਲਬ ਹੈ, ਅਧਿਆਏ II ਅਧੀਨ ਉਲਿੱਖਤ ਅਨਾਜ ਅਤੇ ਭੋਜਨ ਦੀ ਹੱਕਦਾਰ ਮਾਤਰਾ ਦੀ ਪੂਰਤੀ;

(7) "ਖੁਰਾਕ ਸੁਰੱਖਿਆ ਭੱਤਾ" ਦਾ ਮਤਲਬ ਹੈ ਧਾਰਾ 8 ਅਧੀਨ ਹੱਕਦਾਰ ਵਿਅਕਤੀਆਂ ਨੂੰ ਸੰਬੰਧਤ ਰਾਜ ਸਰਕਾਰ ਦੁਆਰਾ ਅਦਾ ਕੀਤੀ ਜਾਣ ਵਾਲੀ ਧਨ ਰਾਸ਼ੀ;

(8) "ਸਥਾਨਕ ਅਥਾਰਟੀ" ਵਿੱਚ ਪੰਚਾਇਤ, ਨਗਰਪਾਲਿਕਾ, ਜ਼ਿਲ੍ਹਾ ਬੋਰਡ, ਛਾਉਣੀ ਬੋਰਡ, ਨਗਰ ਯੋਜਨਾ ਅਥਾਰਟੀ ਅਤੇ ਆਸਾਮ, ਮਨੀਪੁਰ, ਮੇਘਾਲਯ, ਮੀਜ਼ੋਰਮ, ਨਾਗਾਲੈਂਡ ਅਤੇ ਤ੍ਰਿਪੁਰਾ ਰਾਜਾਂ ਵਿੱਚ, ਜਿੱਥੇ ਪੰਚਾਇਤਾਂ ਮੌਜੂਦ ਨਹੀਂ ਹਨ, ਗ੍ਰਾਮ ਪਰਿਸ਼ਦ ਜਾਂ ਕਮੇਟੀ ਜਾਂ ਕੋਈ ਹੋਰ ਬੌਡੀ ਭਾਵੇਂ ਉਹ ਕਿਸੇ ਵੀ ਨਾਂ ਨਾਲ ਜਾਣੀ ਜਾਂਦੀ ਹੋਵੇ ਜਿਹੜੀ ਸੰਵਿਧਾਨ ਜਾਂ ਤੱਤਸਮੇਂ ਨਾਫ਼ਜ ਕਿਸੇ ਕਾਨੂੰਨ ਅਧੀਨ ਸਵੈ-ਸਾਸ਼ਨ ਲਈ ਅਧਿਕਾਰਤ ਹੈ ਜਾਂ ਕੋਈ ਹੋਰ ਅਜਿਹੀ ਅਥਾਰਟੀ ਜਾਂ ਬੌਡੀ ਸ਼ਾਮਲ ਹੈ ਜਿਸ ਵਿੱਚ ਕਿਸੇ ਉੱਲਿਖਤ ਸਥਾਨਕ ਖੇਤਰ, ਅੰਦਰ ਨਗਰ ਸੇਵਾਵਾਂ ਦਾ ਕੰਟਰੋਲ ਦਾ ਪ੍ਰਬੰਧ ਨਿਹਿਤ ਹੈ;

(9) "ਭੋਜਨ" ਦਾ ਮਤਲਬ ਹੈ ਗਰਮ ਪਕਾਇਆ ਗਿਆ ਭੋਜਨ ਜਾਂ ਪਹਿਲਾਂ ਪਕਾਇਆ ਭੋਜਨ ਅਤੇ ਖਾਣ ਲਈ ਗਰਮ ਕੀਤਾ ਭੋਜਨ ਜਾਂ ਘਰ ਲੈ ਜਾਣ ਵਾਲਾ ਰਾਸ਼ਨ ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਹੋਵੇ;

(10) "ਘੱਟ ਤੋਂ ਘੱਟ ਸਮਰੱਥਨ ਕੀਮਤ" ਦਾ ਮਤਲਬ ਹੈ ਕੇਂਦਰੀ ਸਰਕਾਰ ਦੁਆਰਾ ਐਲਾਨੀ ਅਜਿਹੀ ਸੁਨਿਸਚਤ ਕੀਮਤ ਜਿਸ ਤੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਅਤੇ ਉਨ੍ਹਾਂ ਦੀਆਂ ਏਜੰਸੀਆਂ ਦੁਆਰਾ ਕੇਂਦਰੀ ਪੂਲ ਦੇ ਲਈ ਕਿਸਾਨਾ ਤੋਂ ਅਨਾਜ ਉਪਾਪਤ ਕੀਤਾ ਜਾਂਦਾ ਹੈ;

(11) "ਅਧਿਸੂਚਨਾ" ਮਤਲਬ ਹੈ ਇਸ ਐਕਟ ਅਧੀਨ ਜਾਰੀ ਕੀਤੀ ਗਈ ਅਤੇ ਸਰਕਾਰੀ ਗਜਟ ਵਿੱਚ ਪ੍ਰਕਾਸ਼ਤ ਕੋਈ ਅਧਿਸੂਚਨਾ;

(12) "ਹੋਰ ਭਲਾਈ ਸਕੀਮਾਂ" ਦਾ ਮਤਲਬ ਹੈ ਟੀਚਾ ਪੂਰਤੀ ਪਬਲਿਕ ਵੰਡ ਪ੍ਰਨਾਲੀ ਤੋਂ ਇਲਾਵਾ, ਅਜਿਹੀਆਂ ਸਰਕਾਰੀ ਸਕੀਮਾਂ ਜਿਨ੍ਹਾਂ ਦੇ ਅਧੀਨ ਸਕੀਮਾਂ ਦੇ ਭਾਗ ਵਜੋਂ ਅਨਾਜ ਜਾਂ ਭੋਜਨਾਂ ਦੀ ਪੂਰਤੀ ਕੀਤੀ ਜਾਂਦੀ ਹੈ;

(13) "ਅਪੰਗ ਵਿਅਕਤੀ" ਦਾ ਮਤਲਬ ਹੈ ਅਪੰਗ ਵਿਅਕਤੀ (ਸਮਾਨ ਅਵਸਰ, ਅਧਿਕਾਰਾਂ ਦੀ ਹਿਫ਼ਾਜ਼ਤ, ਅਤੇ ਪੂਰਨ ਭਾਗੀਦਾਰੀ) ਐਕਟ, 1995 ਦੀ ਧਾਰਾ 2 ਦੇ ਖੰਡ (ਣ) ਵਿੱਚ ਉਸ ਵਜੋਂ ਪਰਿਭਾਸ਼ਤ ਕੋਈ ਵਿਅਕਤੀ;

1996 ਦਾ 1

(14) "ਪਹਿਲ ਪ੍ਰਾਪਤ ਟੱਬਰ" ਦਾ ਮਤਲਬ ਹੈ ਧਾਰਾ 10 ਅਧੀਨ ਅਜਿਹੇ ਤੌਰ ਤੇ ਪਛਾਣ ਕੀਤਾ ਗਿਆ ਟੱਬਰ;

(15) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(16) "ਰਾਸ਼ਨ ਕਾਰਡ" ਦਾ ਮਤਲਬ ਹੈ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਉਚਿਤ ਕੀਮਤ ਦੀਆਂ ਦੁਕਾਨਾਂ ਤੋਂ ਅਵੱਸ਼ਕ ਵਸਤਾਂ ਦੀ ਖਰੀਦ ਦੇ ਲਈ ਰਾਜ ਸਰਕਾਰ ਦੇ ਕਿਸੇ ਹੁਕਮ ਜਾਂ ਅਥਾਰਟੀ ਅਧੀਨ ਜਾਰੀ ਕੀਤਾ ਗਿਆ ਕੋਈ ਦਸਤਾਵੇਜ਼;

(17) "ਪੇਂਡੂ ਖੇਤਰ" ਦਾ ਮਤਲਬ ਹੈ ਤਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਸਥਾਪਤ ਜਾਂ ਗਠਤ ਕਿਸੇ ਸ਼ਹਿਰੀ ਸਥਾਨਕ ਬੌਡੀ ਜਾਂ ਛਾਉਣੀ ਬੋਰਡ ਦੇ ਅਧੀਨ ਆਉਣ ਵਾਲੇ ਖੇਤਰ ਦੇ ਸਿਵਾਏ ਕਿਸੇ ਰਾਜ ਵਿਚਲਾ ਕੋਈ ਖੇਤਰ;

(18) "ਅਨੁਸੂਚੀ" ਦਾ ਮਤਲਬ ਹੈ ਇਸ ਐਕਟ ਨਾਲ ਲੱਗੀ ਅਨੁਸੂਚੀ;

(19) "ਸੀਨੀਅਰ ਨਾਗਰਿਕ" ਤੋਂ ਮਤਲਬ ਹੈ ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦਾ ਭਰਣ-ਪੋਖਣ ਅਤੇ ਭਲਾਈ ਐਕਟ, 2007 ਦੀ ਧਾਰਾ 2 ਦੇ ਖੰਡ (ਗ) ਅਧੀਨ ਉਸ ਰੂਪ ਵਿੱਚ ਪਰਿਭਾਸ਼ਤ ਕੋਈ ਵਿਅਕਤੀ;

2007 ਦਾ 56

(20) "ਸਮਾਜਿਕ ਲੇਖਾ-ਪ੍ਰੀਖਿਆ" ਦਾ ਮਤਲਬ ਹੈ ਅਜਿਹਾ ਪ੍ਰੋਸੈਸ ਜਿਸ ਵਿੱਚ ਜਨਤਾ ਕਿਸੇ ਪ੍ਰੋਗਰਾਮ ਜਾਂ ਸਕੀਮ ਦੀ ਯੋਜਨਾ ਅਤੇ

ਪਾਲਣਾ ਨੂੰ ਸਮੂਹਿਕ ਰੂਪ ਵਿੱਚ ਨਿਰੀਖਣ ਅਤੇ ਉਸ ਦਾ ਮੁਲਾਂਕਣ ਕਰਦੀ ਹੈ;

(21) "ਰਾਜ ਕਮਿਸ਼ਨ" ਦਾ ਮਤਲਬ ਹੈ ਧਾਰਾ 16 ਅਧੀਨ ਗਠਤ ਰਾਜ ਖੁਰਾਕ ਕਮਿਸ਼ਨ;

(22) "ਰਾਜ ਸਰਕਾਰ" ਦਾ ਕਿਸੇ ਸੰਘ ਰਾਜ ਖੇਤਰ ਦੇ ਸੰਬੰਧ ਵਿੱਚ ਮਤਲਬ ਹੈ ਸੰਵਿਧਾਨ ਦੇ ਅਨੁਛੇਦ 239 ਅਧੀਨ ਨਿਯੁਕਤ ਉਸਦਾ ਪ੍ਰਸ਼ਾਸ਼ਕ;

(23) "ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ" ਦਾ ਮਤਲਬ ਹੈ ਉਚਿਤ ਕੀਮਤ ਦੀਆਂ ਦੁਕਾਨਾ ਰਾਹੀਂ ਰਾਸ਼ਨ ਕਾਰਡ ਧਾਰਕਾਂ ਨੂੰ ਅਵੱਸ਼ਕ ਵਸਤਾਂ ਦੀ ਵੰਡ ਦੀ ਪ੍ਰਣਾਲੀ;

(24) "ਚੌਕਸੀ ਕਮੇਟੀ" ਦਾ ਮਤਲਬ ਹੈ ਇਸ ਐਕਟ ਅਧੀਨ ਸਾਰੀਆਂ ਸਕੀਮਾਂ ਦੇ ਪਾਲਣਾ ਕਰਨ ਦੀ ਨਿਗਰਾਨੀ ਕਰਨ ਲਈ ਧਾਰਾ 29 ਅਧੀਨ ਗਠਤ ਕਮੇਟੀ;

(25) ਉਨ੍ਹਾਂ ਸ਼ਬਦਾਂ ਅਤੇ ਪਦਾਂ ਦੇ, ਜੋ ਇਸ ਵਿੱਚ ਪਰਿਭਾਸ਼ਤ

1955 ਦਾ 10 ਨਹੀਂ ਹਨ, ਪਰ ਅਵੱਸ਼ਕ ਵਸਤਾਂ ਐਕਟ, 1955 ਜਾਂ ਕਿਸੇ ਹੋਰ ਸੁਸੰਗਤ ਐਕਟ ਵਿੱਚ ਪਰਿਭਾਸ਼ਤ ਹਨ, ਦੇ ਉਹੀ ਅਰਥ ਹੋਣਗੇ, ਜੋ ਉਨ੍ਹਾਂ ਐਕਟਾਂ ਵਿੱਚ ਕ੍ਰਮਵਾਰ ਉਨ੍ਹਾਂ ਨੂੰ ਦਿੱਤੇ ਗਏ ਹਨ।

## ਅਧਿਆਏ II

## ਖੁਰਾਕ ਸੁਰੱਖਿਆ ਲਈ ਉਪਬੰਧ

ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਪਾਤਰ ਟੱਬਰਾਂ ਦੇ ਸਬੰਧੰਤ ਵਿਅਕਤੀਆਂ ਦੁਆਰਾ ਸਹਾਇਤਾ ਪ੍ਰਾਪਤ ਕੀਮਤਾ ਤੇ ਅਨਾਜ ਪ੍ਰਾਪਤ ਕਰਨ ਦਾ ਅਧਿਕਾਰ।

3. (1) ਉਨ੍ਹਾਂ ਪਹਿਲ ਪ੍ਰਾਪਤ ਟੱਬਰਾਂ ਦੀ ਜਿਨ੍ਹਾਂ ਦੀ ਧਾਰਾ 10 ਦੀ ਉਪ-ਧਾਰਾ (1) ਅਧੀਨ ਸ਼ਨਾਖ਼ਤ ਕੀਤੀ ਗਈ ਹੈ, ਹਰਿਕ ਵਿਅਕਤੀ, ਰਾਜ ਸਰਕਾਰ ਤੋਂ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਅਨੁਸੂਚੀ I ਵਿੱਚ ਉਲਿੱਖਤ ਸਹਾਇਤਾ ਪ੍ਰਾਪਤ ਕੀਮਤਾਂ ਤੇ ਪ੍ਰਤਿ ਮਹੀਨਾ ਪ੍ਰਤਿ ਵਿਅਕਤੀ ਪੰਜ ਕਿਲੋਗ੍ਰਾਮ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ;

ਪਰੰਤੂ ਅਨਤੋਦਿਆ ਅੰਨ ਯੋਜਨਾਂ ਦੇ ਅਧੀਨ ਵਾਲੇ ਟੱਬਰ, ਉਸ ਹੱਦ ਤੱਕ, ਜੋ ਕੇਂਦਰੀ ਸਰਕਾਰ ਉਕਤ ਸਕੀਮ ਵਿੱਚ ਹਰੇਕ ਰਾਜ ਦੇ ਲਈ ਉਲਿੱਖਤ ਕਰੇ, ਅਨੁਸੂਚੀ I ਵਿੱਚ ਉਲਿੱਖਤ ਕੀਮਤਾਂ ਤੇ ਪ੍ਰਤਿ ਮਹੀਨਾ ਪ੍ਰਤਿ ਟੱਬਰ ਪੈਂਤੀ ਕਿਲੋਗ੍ਰਾਮ ਅਨਾਜ ਦਾ ਹੱਕਦਾਰ ਹੋਵੇਗਾ:

ਪਰੰਤੂ ਇਹ ਹੋਰ ਕਿ ਜੋ ਇਸ ਐਕਟ ਅਧੀਨ ਕਿਸੇ ਰਾਜਾ ਨੂੰ ਸਲਾਨਾ ਵੰਡ ਕਰਨ ਲਈ ਰੱਖਿਆ ਅਨਾਜ ਸਧਾਰਨ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਆਖਰੀ ਤਿੰਨ ਸਾਲਾਂ ਦੇ ਔਸਤ ਸਲਾਨਾ ਅਨਾਜ ਗ੍ਰਹਿਣ ਤੋਂ ਘੱਟ ਹੈ ਤਾਂ ਕੇਂਦਰੀ ਸਰਕਾਰ ਦੁਆਰਾ ਜਿਵੇਂ ਨਿਰਧਾਰਤ ਹੋਵੇ ਉਹ ਉਸ ਕੀਮਤ ਤੇ ਸੁਰੱਖਿਅਤ ਰੱਖਿਆ ਜਾਵੇਗਾ ਅਤੇ ਰਾਜ ਜਿਵੇਂ ਅਨੁਸੂਚੀ IV ਵਿੱਚ ਉਲਿੱਖਤ ਹੋਵੇਂ ਅਨਾਜ ਦੀ ਵੰਡ ਕਰਨ ਲਈ ਰੱਖੇਗਾ।

ਵਿਆਖਿਆ :- ਇਸ ਧਾਰਾ ਦੇ ਪ੍ਰਯੋਜਨ ਲਈ "ਅਨਤੋਦਿਆ ਅੰਨ ਯੋਜਨਾ" ਦਾ ਮਤਲਬ ਹੈ ਕੇਂਦਰੀ ਸਰਕਾਰ ਦੁਆਰਾ 25 ਦਸੰਬਰ 2000 ਨੂੰ

ਉਕਤ ਨਾਂ ਨਾਲ ਅਰੰਭ ਕੀਤੀ ਗਈ ਅਤੇ ਸਮੇਂ ਸਮੇਂ ਤੇ ਜਿਵੇਂ ਰੂਪਭੇਦ ਕੀਤੀ ਸਕੀਮ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਪਾਤਰ ਟੱਬਰ ਨਾਲ ਸਬੰਧਤ ਵਿਅਕਤੀਆਂ ਦੀ ਸਹਾਇਤਾ ਪ੍ਰਾਪਤ ਕੀਮਤਾਂ ਤੇ ਹੱਕਦਾਰੀਆਂ ਪੇਂਡੂ ਜਨ ਸੰਖਿਆ ਦੇ ਪਚੱਤਰ ਪ੍ਰਤਿਸ਼ਤ ਤੱਕ ਅਤੇ ਸ਼ਹਿਰੀ ਜਨ ਸੰਖਿਆ ਦੇ ਪੰਜਾਹ ਪ੍ਰਤਿਸ਼ਤ ਤੱਕ ਵਿਸਤਾਰਤ ਕੀਤੀਆਂ ਜਾਣਗੀਆਂ।

(3) ਉਪ-ਧਾਰਾ (1) ਦੇ ਤਾਬੇ ਰਾਜ ਸਰਕਾਰ ਪਾਤਰ ਟੱਬਰਾਂ ਦੇ ਸਬੰਧਤ ਵਿਅਕਤੀਆਂ ਨੂੰ, ਅਜਿਹੀਆਂ ਸੇਧਾਂ ਦੇ ਅਨੁਸਾਰ ਜੋ ਕੇਂਦਰੀ ਸਰਕਾਰ ਦੁਆਰਾ ਉਲਿੱਖਤ ਕੀਤੀਆਂ ਜਾਣ ਅਨਾਜ ਦੀ ਹੱਕਦਾਰ ਮਾਤਰਾ ਦੇ ਬਦਲੇ ਕਣਕ ਦੇ ਆਟੇ ਦਾ ਉਪਬੰਧ ਕਰ ਸਕੇਗੀ।

ਗਰਭਵਤੀ ਇਸਤਰੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਪੌਸ਼ਟਿਕ ਸਹਾਇਤਾ।

4. ਅਜਿਹੀਆਂ ਸਕੀਮਾਂ ਦੇ ਤਾਬੇ ਜੋ ਕੇਂਦਰੀ ਸਰਕਾਰ ਦੁਆਰਾ ਬਣਾਈਆਂ ਜਾਣ ਹਰਿਕ ਗਰਭਵਤੀ ਇਸਤਰੀ ਅਤੇ ਦੁੱਧ ਚੁੰਘਾਉਣ ਵਾਲੀ ਮਾਂ ਹੇਠ-ਲਿਖੇ ਲਈ ਹੱਕਦਾਰ ਹੋਵੇਗੀ :-

(ੳ) ਗਰਭ ਅਵਸਥਾ ਅਤੇ ਬੱਚੇ ਦੇ ਜਨਮ ਪਿੱਛੋਂ ਛੇ ਮਹੀਨਿਆਂ ਦੌਰਾਨ ਸਥਾਨਕ ਆਂਗਨਵਾੜੀ ਰਾਹੀ ਮੁਫ਼ਤ ਭੋਜਨ, ਜਿਸ ਨਾਲ ਅਨੁਸੂਚੀ-II ਵਿੱਚ ਉਲਿੱਖਤ ਪੌਸ਼ਟਿਕ ਮਿਆਰਾ ਨੂੰ ਪੂਰਾ ਕੀਤਾ ਜਾ ਸਕੇ; ਅਤੇ

(ਅ) ਘੱਟ ਤੋਂ ਘੱਟ ਛੇ ਹਜ਼ਾਰ ਰੁਪਏ ਦੀਆਂ ਅਜਿਹੀਆਂ ਕਿਸਤਾਂ ਵਿੱਚ ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ, ਪ੍ਰਸੂਤੀ ਫ਼ਾਇਦਾ:

ਪਰੰਤੂ ਕੇਂਦਰੀ ਸਰਕਾਰ ਜਾ ਰਾਜ ਸਰਕਾਰਾਂ ਜਾਂ ਪਬਲਿਕ ਸੈਕਟਰਾਂ ਦੇ ਉਪਕ੍ਰਮ ਵਿੱਚ ਨਿਯਮਤ ਰੂਪ ਵਿੱਚ ਨਿਯੋਜਤ ਸਭ ਗਰਭਵਤੀ ਇਸਤਰੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਜਾਂ ਉਹ ਇਸਤਰੀਆਂ ਜਿਨ੍ਹਾਂ ਨੂੰ ਤਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਉਸੇ ਵਰਗੇ ਫਾਇਦੇ ਮਿਲ ਰਹੇ ਹਨ, ਖੰਡ (ਅ) ਵਿੱਚ ਉਲਿੱਖਤ ਫਾਇਦਿਆਂ ਦੇ ਲਈ ਹੱਕਦਾਰ ਨਹੀਂ ਹੋਣਗੀਆ।

ਬੱਚਿਆਂ ਨੂੰ ਪੌਸ਼ਟਿਕ ਆਹਾਰ ਸਹਾਇਤਾ।

5. (1) ਖੰਡ (ਅ) ਵਿੱਚ ਦਰਜ ਉਪਬੰਧਾ ਦੇ ਤਾਬੇ, ਚੌਦਾਂ ਸਾਲ ਤੱਕ ਦੀ ਉਮਰ ਦੇ ਹਰਿਕ ਬੱਚੇ ਦੀ, ਉਸਦੀ ਪੌਸ਼ਟਿਕ ਆਹਾਰ ਦੀ ਜ਼ਰੂਰਤ ਦੇ ਲਈ ਹੇਠ-ਲਿਖਿਆਂ ਹੱਕਦਾਰੀਆਂ ਹੋਣਗੀਆਂ, ਜਿਵੇਂ ਕਿ,

(ੳ) ਛੇ ਮਹੀਨੇ ਤੋਂ ਛੇ ਸਾਲ ਦੀ ਉਮਰ ਗਰੁਪ ਦੇ ਬੱਚਿਆਂ ਦੀ ਸੂਰਤ ਵਿੱਚ, ਸਥਾਨਕ ਆਂਗਨਵਾੜੀ ਰਾਹੀਂ ਮੁਨਾਸਬ ਮੁਫ਼ਤ ਭੋਜਨ, ਜਿਸ ਨਾਲ ਅਨੁਸੂਚੀ II ਵਿੱਚ ਉਲਿੱਖਤ ਪੌਸ਼ਟਿਕ ਮਿਆਰ ਨੂੰ ਪੂਰਾ ਕੀਤਾ ਜਾ ਸਕੇ:

ਪਰੰਤੂ ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ ਨਿਰੋਲ ਦੁੱਧ ਚੁੰਘਾਉਣ ਨੂੰ ਹੀ ਬੜ੍ਹਾਵਾ ਦਿੱਤਾ ਜਾਵੇਗਾ।

(ਅ) ਸ਼੍ਰੈਣੀ VIII ਤੱਕ ਦੇ ਜਾਂ ਛੇ ਤੋਂ ਚੌਦਾ ਸਾਲ ਦੀ ਉਮਰ ਗਰੁਪ ਅੰਦਰ ਦੇ ਬੱਚਿਆਂ ਦੇ ਕੇਸ ਵਿੱਚ, ਇਨ੍ਹਾਂ ਵਿੱਚੋਂ ਜੋ ਵੀ ਲਾਗੂ ਹੋਵੇ, ਸਥਾਨਕ ਬੌਡੀਆਂ, ਸਰਕਾਰ ਦੁਆਰਾ ਚਲਾਏ ਜਾ ਰਹੇ ਸਾਰੇ ਸਕੂਲਾਂ ਅਤੇ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ, ਸਕੂਲਾਂ ਵਿੱਚ ਛੁੱਟੀਆਂ ਦੇ ਦਿਨਾਂ ਨੂੰ ਛੱਡਕੇ, ਹਰਿਕ ਦਿਨ, ਮੁਫ਼ਤ, ਇਕ ਵਾਰ ਦੁਪਿਹਰ ਦਾ ਭੋਜਨ, ਜਿਸ ਨਾਲ ਅਨੁਸੂਚੀ II ਵਿੱਚ ਉਲਿੱਖਤ ਪੌਸ਼ਟਿਕ ਮਿਆਰ ਨੂੰ ਪੂਰਾ ਕੀਤਾ ਜਾ ਸਕੇ।

(2) ਉਪ-ਧਾਰਾ (1) ਦੇ ਖੰਡ (ਅ) ਵਿੱਚ ਹਵਾਲਾ ਦਿੱਤੇ ਹਰਿਕ ਸਕੂਲ ਅਤੇ ਆਂਗਨਵਾੜੀ ਵਿੱਚ ਭੋਜਨ ਪਕਾਉਣ, ਪੀਣ ਵਾਲੇ ਪਾਣੀ ਅਤੇ ਸਫਾਈ ਪ੍ਰਬੰਧ ਦੀਆਂ ਸਹੂਲਤਾਂ ਹੋਣਗੀਆਂ:

ਪਰੰਤੂ ਸ਼ਹਿਰੀ ਖੇਤਰਾਂ ਵਿੱਚ, ਕੇਂਦਰੀ ਸਰਕਾਰ ਦੁਆਰਾ ਜਾਰੀ ਕੀਤੀਆਂ ਗਈਆਂ ਸੇਧਾਂ ਦੇ ਅਨੁਸਾਰ ਭੋਜਨ ਪਕਾਉਣ ਲਈ ਕੇਂਦਰਿਤ ਰਸੋਈਆਂ ਦੀਆਂ ਸਹੂਲਤਾਂ ਦੀ, ਜਿੱਥੇ ਲੋੜੀਂਦੀ ਹੋਵੇ, ਵਰਤੋਂ ਕੀਤੀ ਜਾ ਸਕੇਗੀ।

ਬੱਚੇ ਦੇ ਕੁਪੋਸ਼ਣ ਦਾ ਨਿਵਾਰਣ ਅਤੇ ਪ੍ਰਬੰਧ।

6. ਰਾਜ ਸਰਕਾਰ ਸਥਾਨਕ ਆਂਗਨਵਾੜੀ ਰਾਹੀਂ ਅਜਿਹੇ ਬੱਚਿਆਂ ਦੀ, ਜੋ ਕੁਪੋਸ਼ਣ ਤੋਂ ਗ੍ਰਸਤ ਹਨ ਪਛਾਣ ਕਰੇਗੀ ਅਤੇ ਉਨ੍ਹਾਂ ਨੂੰ ਮੁਫ਼ਤ ਭੋਜਨ ਉਪਲੱਬਧ ਕਰਵਾਏਗੀ, ਜਿਸ ਨਾਲ ਅਨੁਸੂਚੀ II ਵਿੱਚ ਉਲਿੱਖਤ ਪੌਸ਼ਟਿਕ ਮਿਆਰਾਂ ਨੂੰ ਪੂਰਾ ਕੀਤਾ ਜਾ ਸਕੇ।

ਹੱਕਦਾਰੀਆਂ ਦੀ ਪ੍ਰਾਪਤੀ ਲਈ ਸਕੀਮਾਂ ਦੀ ਪਾਲਣਾ।

7. ਰਾਜ ਸਰਕਾਰ ਸੇਧਾਂ ਦੀ ਅਨੁਸਾਰਤਾ ਵਿੱਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚਕਾਰ ਲਾਗਤ ਵਿੱਚ ਹਿੱਸਾ ਵੰਡਾਉਣ ਸਮੇ ਅਜਿਹੀਆਂ ਸਕੀਮਾਂ ਦਾ, ਜਿਨ੍ਹਾਂ ਵਿੱਚ ਧਾਰਾਵਾਂ 4, 5, ਅਤੇ ਧਾਰਾ 6 ਅਧੀਨ

ਹੱਕਦਾਰੀਆਂ ਆਉਂਦੀਆਂ ਹਨ, ਅਜਿਹੇ ਤਰੀਕੇ ਨਾਲ ਪਾਲਣ ਕਰੇਗੀ, ਜੋ ਕੇਂਦਰ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

## ਅਧਿਆਏ III

## ਖੁਰਾਕ ਸੁਰੱਖਿਆ ਭੱਤਾ

ਕੁਝ ਕੁ ਸੂਰਤਾਂ ਵਿੱਚ ਖੁਰਾਕ ਸੁਰੱਖਿਆ ਭੱਤਾ ਪ੍ਰਾਪਤ ਕਰਨ ਦਾ ਅਧਿਕਾਰ।

੮. ਅਧਿਆਏ II ਅਧੀਨ ਹੱਕਦਾਰ ਵਿਅਕਤੀਆਂ ਨੂੰ ਅਨਾਜ ਜਾਂ ਭੋਜਨ ਦੀ ਹੱਕਦਾਰ ਮਾਤਰਾ ਦੀ ਪੂਰਤੀ ਨਾ ਕੀਤੇ ਜਾਣ ਦੀ ਸੂਰਤ ਵਿੱਚ, ਅਜਿਹੇ ਵਿਅਕਤੀ ਸਬੰਧੰਤ ਰਾਜ ਸਰਕਾਰ ਤੋਂ ਅਜਿਹਾ ਖੁਰਾਕ ਸੁਰੱਖਿਆ ਭੱਤਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ, ਜਿਹੜਾ ਕਿ ਹਰੇਕ ਵਿਅਕਤੀ ਨੂੰ ਅਜਿਹੇ ਸਮੇਂ ਦੇ ਅੰਦਰ ਅਤੇ ਅਜਿਹੇ ਤਰੀਕੇ ਨਾਲ ਦਿੱਤਾ ਜਾਵੇਗਾ, ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ।

## ਅਧਿਆਏ IV

## ਪਾਤਰ ਟੱਬਰਾਂ ਦੀ ਪਛਾਣ

ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਜਨ ਸੰਖਿਆ ਨੂੰ ਲਿਆਉਣਾ।

9. ਧਾਰਾ 3 ਦੀ ਉਪ-ਧਾਰਾ (2) ਦੇ ਤਾਬੇ ਹਰੇਕ ਰਾਜ ਲਈ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੇ ਅਧੀਨ ਆਉਣੇ ਪ੍ਰਤੀਸ਼ਤਤਾ ਦਾ ਨਿਰਧਾਰਣ ਕੇਂਦਰੀ ਸਰਕਾਰ ਦੁਆਰਾ ਕੀਤਾ ਜਾਵੇਗਾ ਅਤੇ ਰਾਜ ਦੇ ਅਜਿਹੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਅੰਦਰ ਆਉਂਦੇ ਵਿਅਕਤੀਆਂ ਦੀ ਕੁੱਲ ਸੰਖਿਆਂ ਉਸ ਜਨ-ਗਣਨਾ ਦੇ ਅਨੁਸਾਰ, ਜਨ

ਸੰਖਿਆਂ ਅਨੁਮਾਨਾ ਦੇ ਅਧਾਰ ਤੋਂ ਗਿਣੀ ਜਾਵੇਗੀ, ਜਿਸ ਦੇ ਸੁਸੰਗਤ ਅੰਕੜੇ ਪ੍ਰਕਾਸ਼ਤ ਕੀਤੇ ਜਾ ਚੁੱਕੇ ਹਨ।

ਰਾਜ ਸਰਕਾਰ ਦੁਆਰਾ ਸੇਧਾਂ ਤਿਆਰ ਕਰਨ ਅਤੇ ਪਹਿਲ ਪ੍ਰਾਪਤ ਟੱਬਰਾਂ ਦੀ ਪਛਾਣ ਕਰਨਾ।

10. (1) ਰਾਜ ਸਰਕਾਰ, ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਲਈ ਧਾਰਾ 9 ਦੇ ਅਧੀਨ ਨਿਰਧਾਰਤ ਵਿਅਕਤੀ ਦੀ ਗਿਣਤੀ ਅੰਦਰ ਹੀ,-

(ੳ) ਧਾਰਾ 3 ਦੀ ਉਪ-ਧਾਰਾ (1) ਦੇ ਅਧੀਨ ਉਲਿੱਖਤ ਹੱਦ ਤੱਕ ਅਨਤੋਦਿਆ ਅੰਨ ਯੋਜਨਾਂ ਦੇ ਅੰਦਰ ਆਉਣ ਵਾਲੇ ਟੱਬਰਾਂ ਦੀ ਉਕਤ ਸਕੀਮ ਨੂੰ ਲਾਗੂ ਸੇਧਾਂ ਦੀ ਅਨੁਸਾਰਤਾ ਵਿੱਚ ਪਛਾਣ ਕਰੇਗੀ।

(ਅ) ਟੀਚਾ ਪੂਰਤੀ ਵੰਡ ਪ੍ਰਣਾਲੀ ਅਧੀਨ ਆਉਂਦੇ ਪਹਿਲ ਪ੍ਰਾਪਤ ਟੱਬਰਾਂ ਵਜੋਂ ਬਾਕੀ ਬੱਚਦੇ ਟੱਬਰਾਂ ਦੀ ਅਜਿਹੀਆਂ ਸੇਧਾਂ ਦੀ ਅਨੁਸਾਰਤਾ ਵਿੱਚ, ਜੋ ਰਾਜ ਸਰਕਾਰ ਦੁਆਰਾ ਉਲਿੱਖਤ ਕੀਤੀਆਂ ਜਾਣ ਪਛਾਣ ਕਰੇਗੀ:

ਪਰੰਤੂ ਰਾਜ ਸਰਕਾਰ, ਐਕਟ ਦੇ ਅਰੰਭ ਹੋਣ ਤੋਂ ਪਿੱਛੋਂ, ਜਿੰਨੀ ਛੇਤੀ ਸੰਭਵ ਹੋ ਸਕੇ, ਪਰ ਤਿੰਨ ਸੌ ਪੈਂਹਠ ਦਿਨਾਂ ਤੋਂ ਨਾ ਵੱਧ ਦੀ ਅਜਿਹੀ ਮੁਦੱਤ ਦੇ ਅੰਦਰ ਇਸ ਉਪ-ਧਾਰਾ ਅਧੀਨ ਬਣਾਈਆਂ ਗਈਆਂ ਸੇਧਾਂ ਦੀ ਅਨੁਮਾਨਤਾ ਵਿੱਚ ਪਾਤਰ ਟੱਬਰਾਂ ਦੀ ਪਛਾਣ ਕਰ ਸਕੇਗੀ:

ਪਰੰਤੂ ਇਹ ਹੋਰ ਕਿ ਰਾਜ ਸਰਕਾਰ ਅਜਿਹੇ ਟੱਬਰਾਂ ਦੀ ਪਛਾਣ ਪੂਰੀ ਹੋਣ ਤੱਕ, ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੇ ਅਧੀਨ ਕੇਂਦਰੀ ਸਰਕਾਰ ਤੋਂ ਵੰਡ ਕਰਨ ਲਈ ਅਨਾਜ ਪ੍ਰਾਪਤ ਕਰਦੀ ਰਹੇਗੀ।

(2) ਰਾਜ ਸਰਕਾਰ ਪੇਂਡੂ ਅਤੇ ਸ਼ਹਿਰੀ ਖੇਤਰਾਂ ਲਈ ਧਾਰਾ 9 ਅਧੀਨ ਨਿਰਧਾਰਤ ਵਿਅਕਤੀਆਂ ਦੀ ਸੰਖਿਆਂ ਦੇ ਅੰਦਰ ਹੀ ਪਾਤਰ ਟੱਬਰਾਂ ਦੀ ਸੂਚੀ ਨੂੰ ਉਪ-ਧਾਰਾ (1) ਦੇ ਅਧੀਨ ਬਣਾਈਆਂ ਗਈਆਂ ਸੇਧਾਂ ਦੀ ਅਨੁਸਾਰਤਾ ਵਿੱਚ ਮਿਤੀ ਅੰਤ ਤੱਕ ਕਰੇਗੀ।

ਪਾਤਰ ਟੱਬਰਾਂ ਦੀ ਸੂਚੀ ਦਾ ਪ੍ਰਕਾਸ਼ਨ ਅਤੇ ਪ੍ਰਦਰਸ਼ਨ।

11. ਰਾਜ ਸਰਕਾਰ ਪਛਾਣ ਕੀਤੇ ਗਏ ਪਾਤਰ ਟੱਬਰਾਂ ਦੀ ਸੂਚੀ ਪਬਲਿਕ ਖੇਤਰ ਵਿੱਚ ਲਗਾਏਗੀ ਅਤੇ ਉਸ ਨੂੰ ਪ੍ਰਮੁੱਖ ਰੂਪ ਵਿੱਚ ਪ੍ਰਦਰਸ਼ਤ ਕਰੇਗੀ।

## ਅਧਿਆਏ V

## ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਵਿੱਚ ਸੁਧਾਰ

ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਵਿੱਚ ਸੁਧਾਰ।

12. (1) ਕੇਂਦਰੀ ਅਤੇ ਰਾਜ ਸਰਕਾਰ ਇਸ ਐਕਟ ਵਿੱਚ ਉਨ੍ਹਾਂ ਦੇ ਲਈ ਰੁ-ਬਰੂ ਹੋਣ ਦੀ ਭੂਮਿਕਾ ਦੇ ਅਨੁਰੂਪ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਵਿੱਚ ਜ਼ਰੂਰੀ ਸੁਧਾਰਾਂ ਦਾ ਅੱਗੇ ਵੱਧ ਕੇ ਜ਼ਿੰਮਾ ਲੈਣ ਦਾ ਯਤਨ ਕਰਨਗੀਆਂ।

(2) ਸੁਧਾਰਾਂ ਵਿੱਚ ਹੋਰਨਾਂ ਗੱਲਾਂ ਦੇ ਨਾਲ ਨਾਲ ਹੇਠ ਲਿਖੇ ਕੰਮ ਆਉਣਗੇ :-

(ੳ) ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੇ ਨਿਕਾਸ ਦੀ ਦਹਿਲੀਜ ਤੱਕ ਅਨਾਜ ਦੀ ਸਪੁਰਦਗੀ;

(ਅ) ਸਭ ਪੱਧਰਾਂ ਤੇ ਵਿਹਾਰ ਦੀ ਪਾਰਦਰਸ਼ਤਾ ਰਿਕਾਰਡ ਕਰਨ ਨੂੰ ਸੁਨਿਸਚਤ ਕਰਨ, ਅਤੇ ਰੁਖ ਮੋੜਨ ਨੂੰ, ਰੋਕਣ ਦੇ ਇਰਾਦੇ ਨਾਲ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਾਧਨਾਂ ਦਾ, ਜਿਨ੍ਹਾਂ ਵਿੱਚ ਲਗਾਤਾਰ ਕੰਪਿਊਟਰੀਕਰਣ ਵੀ ਸ਼ਾਮਲ ਹੈ, ਲਾਗੂ ਕਰਨ;

(ੲ) ਇਸ ਐਕਟ ਅਧੀਨ ਫ਼ਾਇਦਿਆਂ ਦੇ ਉਚਿਤ ਟੀਚਿਆਂ ਦੀ ਪੂਰਤੀ ਲਈ ਹੱਕਦਾਰ ਲਾਭ ਪਾਤਰੀਆਂ ਦੀ ਜੀਵ ਸੰਖਿਆ ਵਿਗਿਆਨ ਸੂਚਨਾ ਦੇ ਨਾਲ ਵਿਲੱਖਣ ਪਛਾਣ ਲਈ “ਅਧਾਰ” ਦੀ ਵਰਤੋਂ ਕੀਤੀ ਜਾਣੀ;

(ਸ) ਰਿਕਾਰਡਾਂ ਦੀ ਪੂਰਨ ਪਾਰਦਰਸਤਾ;

(ਹ) ਉਚਿਤ ਕੀਮਤ ਦੀਆਂ ਦੁਕਾਨਾਂ ਦੇ ਲਸੰਸ ਦਿੱਤੇ ਜਾਣ ਵਿੱਚ, ਅਤੇ ਲੋਕ ਸੰਸਥਾਵਾਂ ਜਾਂ ਲੋਕ ਬੌਡੀਆਂ ਜਿਵੇਂ ਕਿ ਪੰਚਾਇਤਾਂ, ਸਵੈ-ਸੇਵੀ ਗਰੁਪਾਂ, ਸਹਿਕਾਰੀ ਸੰਸਥਾਵਾਂ ਅਤੇ ਉਚਿਤ ਕੀਮਤ ਦੀਆਂ ਦੁਕਾਨਾਂ ਦਾ ਪ੍ਰਬੰਧ ਇਸਤਰੀਆਂ ਜਾਂ ਉਨ੍ਹਾਂ ਦੇ ਸਮੂਹਾਂ ਦੁਆਰਾ ਕਰਨ ਨੂੰ ਤਰਜੀਹ;

(ਕ) ਪਬਲਿਕ ਵੰਡ ਪ੍ਰਣਾਲੀ ਦੇ ਅਧੀਨ ਵੰਡੀਆਂ ਵਸਤਾਂ ਦੀ ਸਮੇ ਕਾਲ ਲਈ ਵਿਵਿਧਤਾ;

(ਖ) ਸਥਾਨਕ ਪਬਲਿਕ ਵੰਡ ਮਾਡਲਾਂ ਅਤੇ ਗ੍ਰੇਨਜ਼ ਬੈਂਕ ਨੂੰ ਸਮਰੱਥਨ;

(ਗ) ਟੀਚਾ ਪੂਰਤੀ ਲਾਭ ਪਾਤਰੀਆਂ ਦੇ ਲਈ ਅਜਿਹੇ ਖੇਤਰਾਂ ਵਿੱਚ ਅਤੇ ਅਜਿਹੇ ਤਰੀਕੇ ਨਾਲ, ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ, ਅਧਿਆਏ II ਵਿੱਚ ਉਲਿੱਖਤ ਉਨ੍ਹਾਂ ਦੀਆਂ ਅਨਾਜ

ਹੱਕਦਾਰੀਆਂ ਸੁਨਿਸ਼ਚਤ ਕਰਨ ਦੇ ਇਰਾਦੇ ਨਾਲ ਨਕਦੀ ਅੰਤਰਣ, ਖੁਰਾਕ ਕੂਪਨ ਜਿਹੀਆਂ ਸਕੀਮਾਂ ਜਾ ਹੋਰ ਸਕੀਮਾਂ ਅਰੰਭ ਕਰਨਾ;

## ਅਧਿਆਏ VI

## ਇਸਤਰੀ ਸਸ਼ਕਤੀਕਰਣ

ਰਾਸ਼ਨ ਕਾਰਡ ਜਾਰੀ ਕਰਨ ਦੇ ਪ੍ਰਯੋਜਨ ਲਈ ਅਠ੍ਹਾਰਾਂ ਸਾਲਾਂ ਜਾ ਉਸ ਤੋਂ ਵੱਧ ਉਮਰ ਦੀਆਂ ਇਸਤਰੀਆਂ ਦਾ ਟੱਬਰ ਦਾ ਮੁੱਖੀ ਹੋਣ।

13. (1) ਹਰਿਕ ਪਾਤਰ ਟੱਬਰ ਵਿੱਚ ਵੱਡੀ ਇਸਤਰੀ, ਜਿਸ ਦੀ ਉਮਰ ਅਠ੍ਹਾਰਾਂ ਸਾਲਾਂ ਤੋਂ ਘਟ ਨਾ ਹੋਵੇ, ਰਾਸ਼ਨ ਕਾਰਡ ਜਾਰੀ ਕਰਨ ਦੇ ਪ੍ਰਯੋਜਨ ਦੇ ਲਈ, ਟੱਬਰ ਦੀ ਮੁੱਖੀ ਹੋਵੇਗੀ।

(2) ਜਿੱਥੇ ਕਿਸੇ ਟੱਬਰ ਵਿੱਚ ਕਿਸੇ ਸਮੇਂ ਕੋਈ ਇਸਤਰੀ ਅਠ੍ਹਾਰਾ ਸਾਲ ਜਾਂ ਉਸ ਤੋ ਵੱਧ ਉਮਰ ਦੀ ਨਹੀਂ ਹੈ, ਪਰ ਅਠ੍ਹਾਰਾ ਸਾਲ ਤੋਂ ਘੱਟ ਉਮਰ ਦੀ ਇਸਤਰੀ ਮੈਂਬਰ ਹੈ ਤਾਂ ਉੱਥੇ ਟੱਬਰ ਦਾ ਵੱਡਾ ਪੁਰਸ਼ ਮੈਂਬਰ ਰਾਸ਼ਨ ਕਾਰਡ ਜਾਰੀ ਕੀਤੇ ਜਾਣ ਦੇ ਪ੍ਰਯੋਜਨ ਦੇ ਲਈ ਟੱਬਰ ਦਾ ਮੁੱਖੀ ਹੋਵੇਗਾ ਅਤੇ ਇਸਤਰੀ ਮੈਂਬਰ, ਅਠ੍ਹਾਰਾ ਸਾਲਾਂ ਦੀ ਉਮਰ ਹੋਣ ਤੇ ਅਜਿਹੇ ਰਾਸ਼ਨ ਕਾਰਡ ਦੇ ਲਈ ਪੁਰਸ਼ ਮੈਂਬਰ ਦੀ ਥਾਂ ਤੇ ਟੱਬਰ ਦੀ ਮੁੱਖੀ ਬਣ ਜਾਵੇਗੀ।

## ਅਧਿਆਏ VII

## ਸ਼ਿਕਾਇਤ ਨਿਵਾਰਨ ਪ੍ਰਬੰਧ

ਅੰਤਰਕ ਸ਼ਿਕਾਇਤ ਨਿਵਾਰਨ ਪ੍ਰਬੰਧ।

14. ਹਰਿਕ ਰਾਜ ਸਰਕਾਰ ਇਸ ਅੰਤਰਕ ਸ਼ਿਕਾਇਤ ਨਿਵਾਰਣ ਪ੍ਰਬੰਧ, ਜਿਸ ਵਿੱਚ ਕਾਲ ਸੈਂਟਰ, ਹੈਲਪਲਾਈਨ, ਨੋਡਲ ਅਫ਼ਸਰਾਂ ਦਾ ਪਦਨਾਮ ਕੀਤੇ ਜਾਣਾ ਵੀ ਸ਼ਾਮਲ ਹੈ ਜਾਂ ਅਜਿਹਾ ਹੋਰ ਪ੍ਰਬੰਧ ਸਥਾਪਤ ਕਰੇਗੀ, ਜੋ ਮੁਕੱਰਰ ਕੀਤਾ ਜਾਵੇ।

ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ।

15. (1) ਰਾਜ ਸਰਕਾਰ, ਹਰੇਕ ਜ਼ਿਲ੍ਹੇ ਲਈ ਅਧਿਆਏ II ਦੇ ਅਧੀਨ ਹੱਕਦਾਰ ਅਨਾਜ ਜਾਂ ਭੋਜਨ ਦੀ ਵੰਡ ਸਬੰਧੀ ਮਾਮਲਿਆਂ ਵਿੱਚ ਪੀੜਤ ਵਿਅਕਤੀਆਂ ਦੀ ਸ਼ਿਕਾਇਤ ਦੇ ਸ਼ੀਘਰ ਅਤੇ ਪ੍ਰਭਾਵੀ ਨਿਵਾਰਣ ਲਈ ਅਤੇ ਇਸ ਐਕਟ ਅਧੀਨ ਹੱਕਦਾਰੀਆਂ ਦੇ ਨਾਫ਼ਜ਼ ਕਰਨ ਦੇ ਲਈ, ਇੱਕ ਅਫ਼ਸਰ ਜੋ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਹੋਵੇਗਾ, ਨਿਯੁਕਤ ਜਾਂ ਪਦਨਾਮਤ ਕਰੇਗੀ।

(2) ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਵਜੋਂ ਨਿਯੁਕਤੀ ਲਈ ਯੋਗਤਾਵਾਂ ਅਤੇ ਉਸ ਦੀਆਂ ਸ਼ਕਤੀਆਂ ਉਹ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

(3) ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੀ ਨਿਯੁਕਤੀ ਦਾ ਢੰਗ, ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁੱਕਰਰ ਕੀਤੀਆਂ ਜਾਣ।

(4) ਰਾਜ ਸਰਕਾਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ ਅਤੇ ਹੋਰ ਅਮਲੇ ਦੀ ਤਨਖਾਹ ਅਤੇ ਭੱਤੇ ਅਤੇ ਅਜਿਹੇ ਹੋਰ ਖ਼ਰਚਿਆਂ ਦਾ ਉਪਬੰਧ ਕਰੇਗੀ, ਜੋ ਉਨ੍ਹਾਂ ਦੇ ਉਚਿਤ ਕਾਜ਼ਕਾਰ ਲਈ ਜ਼ਰੂਰੀ ਸਮਝੇ ਜਾਣ।

(5) ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਅਫ਼ਸਰ ਹੱਕਦਾਰ ਅਨਾਜ ਜਾਂ ਭੋਜਨ ਦੀ ਵੰਡ ਨਾ ਕੀਤੇ ਜਾਣ ਅਤੇ ਉਸ ਨਾਲ ਸਬੰਧਤ ਸ਼ਿਕਾਇਤਾਂ ਨੂੰ ਸੁਣੇਗਾ, ਅਤੇ ਉਨ੍ਹਾਂ ਦੇ ਨਿਵਾਰਣ ਲਈ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਸਮੇਂ ਅੰਦਰ, ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ ਜ਼ਰੂਰੀ ਕਾਰਵਾਈ ਕਰੇਗਾ।

(6) ਅਜਿਹਾ ਕੋਈ ਸ਼ਿਕਾਇਤਕਰਤਾ ਜਾਂ ਅਫ਼ਸਰ ਜਾਂ ਅਥਾਰਟੀ ਜਿਸ ਦੇ ਵਿਰੁੱਧ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਫ਼ਸਰ ਦੁਆਰਾ ਹੁਕਮ ਪਾਸ ਕੀਤਾ ਗਿਆ ਹੈ ਅਤੇ ਜੋ ਸ਼ਿਕਾਇਤ ਦੇ ਨਿਵਾਰਣ ਤੋ ਸੰਤੁਸ਼ਟ ਨਹੀਂ ਹੈ, ਅਜਿਹੇ ਹੁਕਮ ਵਿਰੁੱਧ ਰਾਜ ਕਮਿਸ਼ਨ ਅੱਗੇ ਅਪੀਲ ਫ਼ਾਇਲ ਕਰ ਸਕੇਗਾ।

(7) ਉਪ-ਧਾਰਾ (6) ਅਧੀਨ ਹਰਿਕ ਅਪੀਲ ਅਜਿਹੇ ਤਰੀਕੇ ਅਤੇ ਅਜਿਹੇ ਸਮੇਂ ਅੰਦਰ ਫ਼ਾਇਲ ਕੀਤੀ ਜਾਵੇਗੀ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ।

ਰਾਜ ਖੁਰਾਕ ਕਮਿਸ਼ਨ।

16. (1) ਹਰਿਕ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੀ ਪਾਲਣਾ ਦੀ ਨਿਰੀਖਿਆ ਕਰਨ ਅਤੇ ਉਸ ਦੀ ਨਜ਼ਰਸਾਨੀ ਕਰਨ ਦੇ ਪ੍ਰਯੋਜਨ ਲਈ ਇੱਕ ਰਾਜ ਖੁਰਾਕ ਕਮਿਸ਼ਨ ਦਾ ਗਠਨ ਕਰੇਗੀ।

(2) ਰਾਜ ਕਮਿਸ਼ਨ ਹੇਠ ਲਿਖਿਆਂ ਤੋਂ ਮਿਲਕੇ ਬਣੇਗਾ--

(ੳ) ਚੇਅਰਪਰਸਨ;

(ਅ) ਪੰਜ ਹੋਰ ਮੈਂਬਰ; ਅਤੇ

(ੲ) ਮੈਂਬਰ ਸਕੱਤਰ, ਜੋ ਰਾਜ ਸਰਕਾਰ ਦਾ, ਉਸ ਸਰਕਾਰ ਵਿੱਚ ਸੰਯੁਕਤ ਸਕੱਤਰ ਦੇ ਰੈਂਕ ਤੋਂ ਨਾ ਥੱਲੇ ਦਾ ਇਕ ਅਫ਼ਸਰ ਹੋਵੇਗਾ:

ਪਰੰਤੂ ਉਨ੍ਹਾਂ ਵਿੱਚ ਘੱਟ ਤੋਂ ਘੱਟ, ਦੋ ਇਸਤਰੀਆਂ ਹੋਣਗੀਆਂ, ਭਾਵੇਂ ਉਹ ਚੇਅਰਪਰਸਨ, ਮੈਂਬਰ ਜਾਂ ਮੈਂਬਰ ਸਕੱਤਰ ਹੋਣ:

ਪਰੰਤੂ ਇਹ ਹੋਰ ਕਿ ਉਨਾਂ ਵਿਚੋਂ ਇੱਕ ਵਿਅਕਤੀ ਅਨੁਸੂਚਿਤ ਜਾਤੀਆਂ ਨਾਲ ਅਤੇ ਇੱਕ ਵਿਅਕਤੀ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਹੋਵੇ, ਭਾਵੇਂ ਉਹ ਚੇਅਰਪਰਸਨ, ਮੈਂਬਰ ਜਾਂ ਮੈਂਬਰ-ਸਕੱਤਰ, ਹੋਵੇ।

(3) ਚੇਅਰਪਰਸਨ ਅਤੇ ਹੋਰ ਮੈਂਬਰ ਹੇਠ ਲਿਖੇ ਵਿਅਕਤੀਆਂ ਵਿਚੋਂ ਨਿਯੁਕਤ ਕੀਤੇ ਜਾਣਗੇ,-

(ੳ) ਜੋ ਸਰਵ ਭਾਰਤੀ ਸੇਵਾਵਾਂ ਜਾਂ ਸੰਘ ਜਾਂ ਰਾਜ ਦੀਆਂ ਕੋਈ ਹੋਰ ਸਿਵਲ ਸੇਵਾਵਾਂ ਦੇ ਮੈਂਬਰ ਹਨ ਜਾਂ ਰਹਿ ਚੁੱਕੇ ਹਨ ਜਾਂ ਜੋ ਸੰਘ ਜਾਂ ਰਾਜ ਦੇ ਅਧੀਨ ਕੋਈ ਸਿਵਲ ਅਸਾਮੀ ਧਾਰਤ ਕਰ ਰਹੇ ਹਨ ਅਤੇ

ਜਿੰਨ੍ਹਾਂ ਨੂੰ ਖੇਤੀ, ਸਿਵਲ ਸਪਲਾਈ, ਪੌਸ਼ਟਿਕਤਾ, ਸਿਹਤ ਜਾਂ ਕਿਸੇ ਸੰਬੰਧਤ ਖੇਤਰ ਵਿੱਚ ਖੁਰਾਕ ਸੁਰੱਖਿਆ, ਨੀਤੀ ਬਣਾਉਣ ਅਤੇ ਪ੍ਰਸ਼ਾਸਨ ਨਾਲ ਸੰਬੰਧਤ ਮਾਮਲਿਆਂ ਵਿੱਚ ਗਿਆਨ ਅਤੇ ਤਜ਼ਰਬਾ ਹੋਵੇ;

(ਅ) ਜੋ ਪਬਲਿਕ ਜੀਵਨ ਵਿੱਚ ਉੱਘਾ ਵਿਅਕਤੀ ਹੈ, ਜਿਸ ਨੂੰ ਖੇਤੀ, ਕਾਨੂੰਨ, ਮਨੁੱਖੀ ਅਧਿਕਾਰ, ਸਮਾਜਿਕ ਸੇਵਾ, ਪ੍ਰਬੰਧ, ਪੌਸ਼ਟਿਕਤਾ, ਸਿਹਤ, ਖੁਰਾਕ ਨੀਤੀ ਜਾਂ ਲੋਕ ਪ੍ਰਸ਼ਾਸਨ ਵਿੱਚ ਵਿਆਪਕ ਗਿਆਨ ਅਤੇ ਤਜ਼ਰਬਾ ਪ੍ਰਾਪਤ ਹੋਵੇ; ਜਾਂ

(ੲ) ਜਿਸ ਦੇ ਕੋਲ ਗਰੀਬਾਂ ਦੀ ਖੁਰਾਕ ਅਤੇ ਪੌਸ਼ਟਿਕ ਅਧਿਕਾਰ ਸੁਧਾਰ ਕਰਨ ਸਬੰਧੀ ਕੰਮ ਵਿੱਚ ਪ੍ਰਮਾਣਿਤ ਕੀਤਾ ਰਿਕਾਰਡ ਹੈ।

(4) ਚੇਅਰਪਰਸਨ ਅਤੇ ਹਰਿਕ ਹੋਰ ਮੈਂਬਰ, ਉਸ ਤਰੀਕ ਤੋਂ, ਜਿਸ ਤੋਂ ਉਹ ਆਪਣਾ ਅਹੁੱਦਾ ਗ੍ਰਹਿਣ ਕਰਦਾ ਹੈ, ਪੰਜ ਸਾਲਾਂ ਤੋਂ ਨਾ ਵੱਧਦੀ ਅਉੱਧ ਲਈ ਅਹੁੱਦਾ ਧਾਰਨ ਕਰੇਗਾ ਅਤੇ ਉਹ ਮੁੜ ਨਿਯੁਕਤੀ ਲਈ ਪਾਤਰ ਹੋਵੇਗਾ:

ਪਰੰਤੂ ਕੋਈ ਵੀ ਵਿਅਕਤੀ ਚੇਅਰਪਰਸਨ ਜਾਂ ਹੋਰ ਮੈਂਬਰ ਵਜੋਂ ਪੈਂਹਠ ਸਾਲ ਦੀ ਉਮਰ ਪੂਰੀ ਹੋਣ ਤੋਂ ਪਿੱਛੋਂ ਅਹੁੱਦਾ ਧਾਰਨ ਨਹੀਂ ਕਰੇਗਾ।

(5) ਰਾਜ ਕਮਿਸ਼ਨ ਦੇ ਚੇਅਰਪਰਸਨ, ਹੋਰ ਮੈਂਬਰ ਅਤੇ ਮੈਂਬਰ ਸਕੱਤਰ ਦੀ ਨਿਯੁਕਤੀ ਦਾ ਢੰਗ ਅਤੇ ਹੋਰ ਨਿਬੰਧਨ ਅਤੇ ਸ਼ਰਤਾਂ, ਜਿਨ੍ਹਾਂ ਦੇ ਤਾਬੇ ਉਨ੍ਹਾਂ ਦੀ ਨਿਯੁਕਤੀ ਕੀਤੀ ਜਾ ਸਕੇਗੀ ਅਤੇ ਰਾਜ ਕਮਿਸ਼ਨ ਦੀਆਂ ਇਕੱਤਰਤਾਵਾਂ ਦਾ ਸਮਾਂ,

ਸਥਾਨ ਅਤੇ ਜ਼ਾਬਤਾ (ਜਿਸ ਵਿੱਚ ਅਜਿਹੀਆਂ ਇਕੱਤਰਤਾਵਾਂ ਦਾ ਕੋਰਮ ਵੀ ਸਾਮ਼ਲ ਹੈ) ਅਤੇ ਉਸ ਦੀਆਂ ਸ਼ਕਤੀਆਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

(6) ਰਾਜ ਕਮਿਸ਼ਨ ਹੇਠ ਲਿਖੇ ਕਾਜ਼ਕਾਰ ਹੱਥ ਵਿੱਚ ਲਵੇਗਾ, ਜਿਵੇਂ ਕਿ:-

(ੳ) ਰਾਜ ਦੇ ਸੰਬੰਧ ਵਿੱਚ, ਇਸ ਐਕਟ ਦੀ ਪਾਲਣਾ ਦੀ ਨਿਰੀਖਿਆ ਕਰਨਾ ਅਤੇ ਉਸ ਦਾ ਮੁਲਾਂਕਣ ਕਰਨਾ;

(ਅ)ਅਧਿਆਏ II ਅਧੀਨ ਉਪਬੰਧਤ ਹੱਕਦਾਰੀਆਂ ਦੇ ਉਲੰਘਣਾਂ ਦੀ ਸਵੈ ਪ੍ਰੇਰਨਾ ਤੇ ਸ਼ਿਕਾਇਤ ਪ੍ਰਾਪਤ ਹੋਣ ਤੇ ਜਾਂਚ ਕਰਨਾ;

(ੲ) ਇਸ ਐਕਟ ਦੇ ਪ੍ਰਭਾਵੀ ਪਾਲਣਾ ਲਈ ਰਾਜ ਸਰਕਾਰ ਨੂੰ ਸਲਾਹ ਦੇਣਾ;

(ਸ) ਵਿਅਕਤੀਆਂ ਨੂੰ ਇਸ ਐਕਟ ਵਿੱਚ ਉਲਿੱਖਤ ਉਨ੍ਹਾਂ ਦੀਆਂ ਹੱਕਦਾਰੀਆਂ ਤੱਕ ਪੂਰਨ ਪਹੁੰਚ ਕਰਨ ਦੇ ਸਮੱਰਥ ਬਣਾਉਣ ਦੇ ਸੰਬੰਧ ਵਿੱਚ ਖੁਰਾਕ ਅਤੇ ਪੌਸ਼ਟਿਕਤਾ ਸੰਬੰਧੀ ਸਕੀਮਾਂ ਦਾ ਪ੍ਰਭਾਵੀ ਪਾਲਣ ਕਰਨ ਲਈ ਰਾਜ ਸਰਕਾਰ ਸੁਸੰਗਤ ਸੇਵਾਵਾਂ ਦੇ ਦੇਣ ਵਿੱਚ ਸੰਮਲਿਤ ਉਸ ਦੀਆਂ ਏਜੰਸੀਆਂ, ਖੁਦ ਮੁਖਤਾਰ ਬੌਡੀਆਂ ਅਤੇ ਗ਼ੈਰ ਸਰਕਾਰੀ ਸੰਗਠਨਾਂ ਨੂੰ ਸਲਾਹ ਦੇਣਾ;

(ਹ) ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੇ ਹੁਕਮਾਂ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਨਾ;

(ਕ) ਸਾਲਾਨਾ ਰਿਪੋਟਾਂ ਤਿਆਰ ਕਰਨਾ, ਜੋ ਰਾਜ ਸਰਕਾਰ ਦੁਆਰਾ ਰਾਜ ਵਿਧਾਨ ਮੰਡਲ ਅੱਗੇ ਰੱਖੀਆਂ ਜਾਣਗੀਆਂ।

(7) ਰਾਜ ਸਰਕਾਰ, ਰਾਜ ਕਮਿਸ਼ਨ ਨੂੰ ਉਨਾਂ ਪ੍ਰਸ਼ਾਸਨਿਕ ਅਤੇ ਤਕਨੀਕੀ ਅਮਲਾ ਉਪਲਬਧ ਕਰਵਾਏਗੀ ਜਿੰਨ੍ਹਾਂ ਉਹ ਰਾਜ ਕਮਿਸ਼ਨ ਦੇ ਉਚਿਤ ਕਾਜ਼ਕਾਰ ਕਰਨ ਲਈ ਜਰੂਰੀ ਸਮਝੇ।

(8) ਉਪ-ਧਾਰਾ (7) ਅਧੀਨ ਅਮਲੇ ਦੀ ਨਿਯਕੁਤੀ ਦਾ ਢੰਗ ਅਤੇ ਉਨ੍ਹਾਂ ਦੀ ਤਨਖਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

(9) ਰਾਜ ਸਰਕਾਰ ਚੇਅਰਪਰਸਨ ਜਾਂ ਕਿਸੇ ਮੈਂਬਰ ਨੂੰ ਅਹੁੱਦੇ ਤੋਂ ਹਟਾ ਸਕੇਗੀ-

(ੳ) ਜੋ ਦਿਵਾਲੀਆ ਹੈ ਜਾਂ ਕਿਸੇ ਸਮੇਂ ਦਿਵਾਲੀਆ ਨਿਆਂ ਨਿਰਣਤ ਕੀਤਾ ਗਿਆ ਹੈ; ਜਾਂ

(ਅ) ਜੋ ਮੈਂਬਰ ਵਜੋਂ ਕਾਰਜ ਕਰਨ ਵਿੱਚ ਸਰੀਰਕ ਜਾਂ ਮਾਨਸਿਕ ਤੌਰ ਤੇ ਅਸਮਰੱਥ ਹੋ ਗਿਆ ਹੈ; ਜਾਂ

(ੲ) ਜਿਸ ਨੂੰ ਕਿਸੇ ਅਪਰਾਧ ਦੇ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜੋ ਰਾਜ ਸਰਕਾਰ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਸ) ਜਿਸ ਨੇ ਅਜਿਹੇ ਵਿੱਤੀ ਜਾਂ ਹੋਰ ਹਿੱਤ ਅਰਜਤ ਕਰ ਲਏ ਹਨ ਜਿਸ ਕਰਕੇ ਉਸ ਦੇ ਮੈਂਬਰ ਵਜੋਂ ਕਾਜ਼ਕਾਰ ਕਰਨ ਤੇ ਪ੍ਰਤਿਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ; ਜਾਂ

(ਹ) ਜਿਸ ਨੇ ਆਪਣੀ ਪੋਜ਼ੀਸ਼ਨ ਦੀ ਇਸ ਤਰ੍ਹਾਂ ਦੁਰਵਰਤੋਂ ਕੀਤੀ ਹੈ ਜਿਸ ਕਰਕੇ ਉਸ ਦਾ ਅਹੁੱਦੇ ਤੇ ਬਣੇ ਰਹਿਣਾ ਜਨ ਹਿੱਤ ਲਈ ਹਾਨੀ ਕਾਰਕ ਹੈ।

(10) ਅਜਿਹੇ ਕਿਸੇ ਚੇਅਰਪਰਸਨ ਜਾਂ ਮੈਂਬਰ ਨੂੰ ਉਪ-ਧਾਰਾ (9) ਦੇ ਖੰਡ (ਸ) ਜਾਂ ਖੰਡ (ਹ) ਅਧੀਨ ਹਟਾਇਆ ਨਹੀਂ ਜਾਵੇਗਾ ਜਦ ਤੱਕ ਕਿ ਉਸ ਨੂੰ ਮਾਮਲੇ ਵਿੱਚ ਸੁਣੇ ਜਾਣ ਦਾ ਵਾਜ਼ਬ ਮੌਕਾ ਨਾ ਦਿੱਤਾ ਗਿਆ ਹੋਵੇ।

ਰਾਜ ਕਮਿਸ਼ਨ ਦੇ ਚੇਅਰਪਰਸਨ, ਮੈਂਬਰ ਜਾਂ ਮੈਂਬਰ, ਸਕੱਤਰ ਅਤੇ ਹੋਰ ਅਮਲੇ ਦੀ ਤਨਖਾਹ ਅਤੇ ਭੱਤੇ।

17. ਰਾਜ ਸਰਕਾਰ, ਚੇਅਰਪਰਸਨ, ਹੋਰ ਮੈਂਬਰ, ਮੈਂਬਰ-ਸਕੱਤਰ, ਸਹਾਇਕ ਅਮਲੇ ਦੀ ਤਨਖਾਹ ਅਤੇ ਭੱਤਿਆਂ ਅਤੇ ਰਾਜ ਕਮਿਸ਼ਨ ਦੇ ਉਚਿਤ ਕਾਜ਼ਕਾਰ ਕਰਨ ਲਈ ਲੋੜੀਂਦੇ ਹੋਰ ਪ੍ਰਸ਼ਾਸ਼ਕ ਖ਼ਰਚਿਆਂ ਦਾ ਉਪਬੰਧ ਕਰੇਗੀ।

ਰਾਜ ਕਮਿਸ਼ਨ ਦੇ ਰੂਪ ਵਿੱਚ ਕਾਜ਼ਕਾਰ ਕਰਨ ਲਈ ਕਿਸੇ ਕਮਿਸ਼ਨ ਜਾਂ ਬੌਡੀ ਨੂੰ ਪਦਨਾਮਤ ਕਰਨਾ।

18. ਰਾਜ ਸਰਕਾਰ ਜੇ ਇਹ ਜ਼ਰੂਰੀ ਸਮਝਦੀ ਹੈ ਤਾਂ, ਅਧਿਸੂਚਨਾ ਦੁਆਰਾ, ਕਿਸੇ ਪ੍ਰਵਿਧਾਨਕ ਕਮਿਸ਼ਨ ਜਾਂ ਬੌਡੀ ਨੂੰ, ਧਾਰਾ 16 ਵਿੱਚ ਹਵਾਲਾ ਦਿੱਤੇ ਰਾਜ ਕਮਿਸ਼ਨ ਦੀਆਂ ਸ਼ਕਤੀਆਂ ਦੀ ਵਰਤੋਂ ਅਤੇ ਕਾਜ਼ਕਾਰ ਨਿਭਾਉਣ ਲਈ ਪਦਨਾਮਤ ਕਰ ਸਕੇਗੀ।

ਸੰਯੁਕਤ ਰਾਜ ਖੁਰਾਕ ਕਮਿਸ਼ਨ।

19. ਧਾਰਾ 16 ਦੀ ਉਪ-ਧਾਰਾ (1) ਵਿੱਚ ਦਰਜ਼ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਇਸ ਐਕਟ ਦੇ ਪ੍ਰਯੋਜਨਾਂ ਲਈ ਦੋ ਜਾਂ ਵੱਧ ਰਾਜਾਂ ਲਈ, ਕੇਂਦਰੀ ਸਰਕਾਰ ਦੀ ਪ੍ਰਵਾਨਗੀ ਨਾਲ ਇਕ ਸੰਯੁਕਤ ਰਾਜ ਖੁਰਾਕ ਕਮਿਸ਼ਨ ਬਣਾਇਆ ਜਾ ਸਕੇਗਾ।

ਜਾਂਚ ਸੰਬੰਧੀ ਸ਼ਕਤੀਆਂ।

20. (1) ਰਾਜ ਕਮਿਸ਼ਨ ਨੂੰ ਧਾਰਾ 16 ਦੀ ਉਪ-ਧਾਰਾ (6) ਦੇ ਖੰਡ (ਅ) ਅਤੇ (ਹ) ਵਿੱਚ ਹਵਾਲਾ ਦਿੱਤੇ ਕਿਸੇ ਮਾਮਲੇ ਦੀ ਜਾਂਚ ਕਰਦੇ ਸਮੇਂ ਅਤੇ ਖ਼ਾਸ ਕਰਕੇ ਹੇਠ ਲਿਖਿਆਂ ਮਾਮਲਿਆਂ, ਜਿਵੇਂ ਕਿ :-

(ੳ) ਕਿਸੇ ਵਿਅਕਤੀ ਨੂੰ ਤਲਬ ਕਰਨ ਅਤੇ ਹਾਜ਼ਰ ਕਰਵਾਉਣ ਅਤੇ ਸਹੁੰ ਤੇ ਉਸ ਦੀ ਪਰੀਖਿਆ ਲੈਣਾ;

(ਅ) ਕਿਸੇ ਦਸਤਾਵੇਜ਼ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨ;

(ੲ) ਹਲਫ਼ੀਆਂ ਬਿਆਨ ਤੇ ਸ਼ਹਾਦਤ ਲੈਣ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀ ਨਕਲ ਦੀ ਮੰਗ ਕਰਨ; ਅਤੇ

1908 ਦਾ 5

(ਹ) ਗਵਾਹਾਂ ਜਾਂ ਦਸਤਾਵੇਜ਼ ਦੀ ਪਰੀਖਿਆ ਲਈ ਕਮਿਸ਼ਨ ਜਾਰੀ ਕਰਨ,

ਬਾਰੇ ਉਹ ਸਭ ਸ਼ਕਤੀਆਂ ਪ੍ਰਾਪਤ ਹੋਣਗੀਆਂ, ਜੋ ਦੀਵਾਨੀ ਅਦਾਲਤ ਦੀਆਂ ਜ਼ਾਬਤਾ ਦੀਵਾਨੀ ਸੰਘਤਾ, 1908 ਅਧੀਨ ਕਿਸੇ ਦਾਵੇ ਦਾ ਵਿਚਾਰਣ ਕਰਦੇ ਸਮੇਂ ਹੁੰਦੀਆਂ ਹਨ।

(2) ਰਾਜ ਕਮਿਸ਼ਨ ਕੋਲ ਕਿਸੇ ਕੇਸ ਨੂੰ, ਉਸ ਦਾ ਵਿਚਾਰਣ ਕਰਨ ਦੀ ਅਧਿਕਾਰਤਾ ਰੱਖਣ ਵਾਲੇ ਮੈਜਿਸਟਰੇਟ ਨੂੰ ਭੇਜਣ ਦੀ ਸ਼ਕਤੀ ਹੋਵੇਗੀ ਅਤੇ

ਅਜਿਹਾ ਮੈਜਿਸਟਰੇਟ, ਜਿਸ ਨੂੰ ਅਜਿਹਾ ਕੇਸ ਭੇਜਿਆ ਗਿਆ ਹੈ, ਮੁਲਜ਼ਮ ਵਿਰੁੱਧ ਸ਼ਿਕਾਇਤ ਦੀ ਉਸੇ ਤਰ੍ਹਾਂ ਸੁਣਵਾਈ ਕਰੇਗਾ ਜਿਵੇਂ ਉਹ ਕੇਸ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 346 ਅਧੀਨ ਉਸ ਨੂੰ ਭੇਜਿਆ ਗਿਆ ਹੋਵੇ। (1974 ਦਾ 2)

ਖ਼ਾਲੀ ਥਾਵਾਂ ਆਦਿ ਦੇ ਕਾਰਨ ਰਾਜ ਕਮਿਸ਼ਨ ਦੀਆਂ ਕਾਰਵਾਈਆਂ ਦਾ ਨਾਜ਼ਾਇਜ਼ ਨਾ ਹੋਣਾ।

21. ਰਾਜ ਕਮਿਸ਼ਨ ਦਾਂ ਕੋਈ ਕਾਰਜ ਜਾਂ ਕਾਰਵਾਈ ਕੇਵਲ ਇਸ ਕਾਰਨ ਨਾਜ਼ਾਇਜ ਨਹੀਂ ਹੋਵੇਗੀ ਕਿ-

(ੳ) ਰਾਜ ਕਮਿਸ਼ਨ ਵਿੱਚ ਕੋਈ ਖ਼ਾਲੀ ਥਾਂ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਰਾਜ ਕਮਿਸ਼ਨ ਦੇ ਚੇਅਰਪਰਸਨ ਜਾਂ ਮੈਂਬਰ ਦੇ ਰੂਪ ਵਿੱਚ ਨਿਯੁਕਤੀ ਵਿੱਚ ਕੋਈ ਤਰੁੱਟੀ ਹੈ; ਜਾਂ

(ੲ) ਰਾਜ ਕਮਿਸ਼ਨ ਦੀ ਪ੍ਰਕਿਰਿਆ ਵਿੱਚ ਕੋਈ ਅਨਿਯਮਤਾ ਹੈ ਜੋ ਕੇਸ ਦੇ ਗੁਣ-ਦੋਸ਼ ਤੇ ਪ੍ਰਭਾਵ ਨਹੀਂ ਪਾਉਂਦੀ।

## ਅਧਿਆਏ VIII

## ਖੁਰਾਕ ਸੁਰੱਖਿਆ ਦੇ ਲਈ ਕੇਂਦਰੀ ਸਰਕਾਰ ਦੀਆਂ ਬਾਂਧਾ

ਕੇਂਦਰੀ ਸਰਕਾਰ ਦਾ ਰਾਜ ਸਰਕਾਰਾਂ ਨੂੰ ਕੇਂਦਰੀ ਪੂਲ ਤੋਂ ਅਨਾਜ ਦੀ ਲੋੜੀਂਦੀ ਮਾਤਰਾ ਦੀ ਵੰਡ ਕੀਤੇ ਜਾਣਾ।

22. (1) ਕੇਂਦਰੀ ਸਰਕਾਰ, ਪਾਤਰ ਟੱਬਰਾਂ ਦੇ ਵਿਅਕਤੀਆਂ ਨੂੰ ਅਨਾਜਾਂ ਦੀ ਨਿਯਮਤ ਪੂਰਤੀ ਸੁਨਿਸਚਤ ਕਰਨ ਦੇ ਲਈ ਧਾਰਾ 3 ਅਧੀਨ ਹੱਕਦਾਰੀਆਂ ਦੇ ਅਨੁਸਾਰ ਅਤੇ ਅਨੁਸੂਚੀ I ਵਿੱਚ ਉਲਿੱਖਤ ਕੀਮਤਾਂ ਤੇ ਟੀਚਾ ਪੂਰਤੀ ਪਬਲਿਕ ਵੰਡ ਪ੍ਰਨਾਲੀ ਅਧੀਨ ਰਾਜ ਸਰਕਾਰ ਨੂੰ, ਕੇਂਦਰੀ ਪੂਲ ਵਿੱਚੋ ਅਨਾਜਾਂ ਦੀ ਲੋੜੀਂਦੀ ਮਾਤਰਾ ਦੀ ਵੰਡ ਕਰੇਗੀ।

(2) ਕੇਂਦਰੀ ਸਰਕਾਰ ਧਾਰਾ 10 ਅਧੀਨ ਹਰੇਕ ਰਾਜ ਵਿੱਚ ਪਛਾਣ ਕੀਤੇ ਗਏ ਪਾਤਰ ਟੱਬਰਾਂ ਨਾਲ ਸੰਬੰਧਤ ਵਿਅਕਤੀਆਂ ਦੀ ਸੰਖਿਆਂ ਦੀ ਅਨੁਸਾਰਤਾ ਵਿੱਚ ਅਨਾਜਾਂ ਦੀ ਵੰਡ ਕਰੇਗੀ।

(3) ਕੇਂਦਰੀ ਸਰਕਾਰ ਰਾਜ ਸਰਕਾਰਾਂ ਨੂੰ ਧਾਰਾ 4,5 ਅਤੇ ਧਾਰਾ 6 ਅਧੀਨ ਹੱਕਦਾਰੀਆਂ ਬਾਰੇ ਪਾਤਰ ਟੱਬਰ ਸਬੰਧੀ ਵਿਅਕਤੀਆਂ ਲਈ ਅਨਸੂਚੀ I ਵਿੱਚ ਉਲਿੱਖਤ ਕੀਮਤਾਂ ਤੇ ਅਨਾਜ ਉਪਲਬੱਧ ਕਰਵਾਏਗੀ।

(4) ਕੇਂਦਰੀ ਸਰਕਾਰ, ਉਪ-ਧਾਰਾ (1) ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ,-

(ੳ) ਆਪਣੀਆਂ ਖੁੱਦ ਦੀਆਂ ਏਜੰਸੀਆਂ ਅਤੇ ਰਾਜ ਸਰਕਾਰ ਅਤੇ ਉਨ੍ਹਾਂ ਦੀਆਂ ਏਜੰਸੀਆਂ ਰਾਹੀਂ ਕੇਂਦਰੀ ਪੂਲ ਲਈ ਅਨਾਜ ਉਪਾਪਤ ਕਰੇਗੀ;

(ਅ) ਰਾਜਾਂ ਨੂੰ ਅਨਾਜਾਂ ਦੀ ਵੰਡ ਕਰੇਗੀ;

(ੲ) ਹਰੇਕ ਰਾਜ ਵਿੱਚ ਕੇਂਦਰੀ ਸਰਕਾਰ ਦੁਆਰਾ ਨਿਯਤ ਕੀਤੇ ਡਿਪੂਆਂ ਨੂੰ ਵੰਡ ਅਨੁਸਾਰ ਅਨਾਜਾਂ ਦੀ ਢੋ-ਢੁਆਈ ਦਾ ਉਪਬੰਧ ਕਰੇਗੀ;

(ਸ) ਰਾਜ ਸਰਕਾਰ ਨੂੰ ਅਜਿਹੇ ਮਾਪ-ਦੰਡਾਂ ਅਤੇ ਤਰੀਕੇ ਨਾਲ, ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਹੋਵੇ ਅਤੇ ਅਨਾਜਾਂ ਨੂੰ ਅੰਤਰ-ਰਾਜੀ ਵਿਚਰਨ, ਹਥਾਲਣ ਅਤੇ ਉਚਿੱਤ ਕੀਮਤ ਦੀਆਂ ਦੁਕਾਨਾਂ ਦੇ ਡੀਲਰਾਂ ਨੂੰ ਅਦਾ ਕੀਤੀ ਵਾਧੂ ਰਕਮ ਪ੍ਰਤਿ ਉਸ ਦੁਆਰਾ ਉਠਾਏ ਖ਼ਰਚੇ ਨੂੰ ਪੂਰਾ ਕਰਨ ਵਿੱਚ ਸਹਾਇਤਾ ਪ੍ਰਦਾਨ ਕਰੇਗੀ; ਅਤੇ

(ਹ) ਭਿੰਨ-ਭਿੰਨ ਪੱਧਰਾਂ ਤੇ ਲੋੜੀਂਦੇ ਆਧੁਨਿਕ ਅਤੇ ਵਿਗਿਆਨਕ ਭੰਡਾਰਣ ਸਹੂਲਤਾਂ ਸਿਰਜਤ ਕਰੇਗੀ ਅਤੇ ਕਾਇਮ ਰੱਖੇਗੀ।

ਕੇਂਦਰੀ ਸਰਕਾਰ ਦੁਆਰਾ ਕੁੱਝ ਕੁ ਸੂਰਤਾਂ ਵਿੱਚ ਰਾਜ ਸਰਕਾਰ ਨੂੰ ਫੰਡਾਂ ਦਾ ਉਪਬੰਧ ਕਰਵਾਇਆ ਜਾਣਾ।

23. ਕਿਸ ਰਾਜ ਨੂੰ ਕੇਂਦਰੀ ਪੂਲ ਵਿੱਚੋਂ ਅਨਾਜਾਂ ਦੀ ਪੂਰਤੀ ਦੀ ਕਮੀ ਦੀ ਸੂਰਤ ਵਿੱਚ ਕੇਂਦਰੀ ਸਰਕਾਰ ਅਜਿਹੇ ਤਰੀਕੇ ਨਾਲ, ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਹੋਵੇ ਅਧਿਸੂਚਨਾ II ਅਧੀਨ ਬਾਂਧਾ ਨੂੰ ਪੂਰਾ ਕਰਨ ਦੇ ਲਈ ਰਾਜ ਸਰਕਾਰ ਨੂੰ ਪੂਰਤੀ ਦੀ ਕਮੀ ਦੀ ਹੱਦ ਤੱਕ ਫੰਡ ਉਪਲਬੱਧ ਕਰਵਾਏਗੀ।

## ਅਧਿਆਏ IX

## ਖੁਰਾਕ ਸੁਰੱਖਿਆ ਲਈ ਸਰਕਾਰ ਦੀਆਂ ਬਾਂਧਾ

ਖੁਰਾਕ ਸੁਰੱਖਿਆ ਸੁਨਿਸ਼ਚਤ ਕਰਨ ਦੇ ਲਈ ਸਕੀਮਾਂ ਦੀ ਪਾਲਣਾ ਅਤੇ ਉਨ੍ਹਾਂ ਦਾ ਨਿਰੀਖਣ ਕੀਤਾ ਜਾਣਾ।

24. (1) ਰਾਜ ਸਰਕਾਰ, ਆਪਣੇ ਰਾਜ ਵਿੱਚ ਟੀਚਾ ਪੂਰਤੀ ਲਾਭ-ਪਾਤਰੀਆਂ ਦੀ ਖੁਰਾਕ ਸੁਰੱਖਿਆ ਸੁਨਿਸ਼ਚਤ ਕਰਨ ਲਈ, ਕੇਂਦਰੀ ਸਰਕਾਰ ਦੇ ਭਿੰਨ-ਭਿੰਨ ਮੰਤਰਾਲਿਆ ਅਤੇ ਵਿਭਾਗ ਦੀਆਂ ਸਕੀਮਾਂ ਅਤੇ ਆਪਣੀਆਂ ਖੁਦ ਦੀਆਂ ਸਕੀਮਾਂ ਦਾ ਕੇਂਦਰੀ ਸਰਕਾਰ ਦੁਆਰਾ ਹਰੇਕ ਸਕੀਮ ਲਈ ਜਾਰੀ ਸੇਧਾਂ ਦੀ ਅਨੁਸਾਰਤਾ ਵਿੱਚ ਪਾਲਣ ਕੀਤੇ ਜਾਣ ਅਤੇ ਉਨ੍ਹਾਂ ਦਾ ਨਿਰੀਖਣ ਕਰਨ ਲਈ ਜ਼ਿੰਮੇਵਾਰ ਹੋਵੇਗੀ।

(2) ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਰਾਜ ਸਰਕਾਰ ਦੇ ਹੇਠ ਲਿਖੇ ਕਰੱਤਵ ਹੋਣਗੇ,-

(ੳ) ਅਨੁਸੂਚੀ I ਵਿੱਚ ਉਲਿੱਖਤ ਕੀਮਤਾਂ ਤੇ, ਰਾਜ ਵਿੱਚ ਕੇਂਦਰੀ ਸਰਕਾਰ ਦੇ ਨਿਯਤ ਕੀਤੇ ਡਿਪੂਆਂ ਤੋ ਅਨਾਜ ਦੀ ਸਪੁਰਦਗੀ ਲੈਣਾ,ਹਰੇਕ ਉਚਿਤ ਕੀਮਤ ਦੀ ਦੁਕਾਨ ਦੀ ਦਹਿਲੀਜ਼ ਤੱਕ ਆਪਣੀਆਂ ਅਖ਼ਤਿਆਰਤ ਏਜੰਸੀਆਂ ਰਾਹੀਂ ਵੰਡੇ ਅਨਾਜ ਦੀ ਸਪੁਰਦਗੀ ਲਈ ਅੰਤਰ-ਰਾਜੀ ਵੰਡ ਕਰਨ ਨੂੰ ਸੰਗਠਤ ਕਰਨਾ; ਅਤੇ

(ਅ) ਹੱਕਦਾਰ ਵਿਅਕਤੀਆਂ ਨੂੰ ਅਨੁਸੂਚੀ I ਵਿੱਚ ਉਲਿੱਖਤ ਕੀਮਤਾਂ ਤੇ ਅਨਾਜਾਂ ਦੀ ਵਾਸਤਵਿਕ ਸਪੁਰਦਗੀ ਜਾਂ ਪੂਰਤੀ ਸੁਨਿਸਚਤ ਕਰਨਾ।

(3) ਧਾਰ 4, ਧਾਰਾ 5 ਅਤੇ ਧਾਰਾ 6 ਅਧੀਨ ਹੱਕਦਾਰੀਆਂ ਬਾਰੇ ਅਨਾਜ ਦੀਆਂ ਲੋੜ੍ਹਾਂ ਲਈ ਰਾਜ ਸਰਕਾਰ, ਰਾਜ ਵਿੱਚ ਕੇਂਦਰੀ ਸਰਕਾਰ ਦੇ ਨਿਯਤ ਕੀਤੇ ਡਿਪੂਆਂ ਤੋਂ,ਪਾਤਰ ਟੱਬਰਾਂ ਦੇ ਵਿਅਕਤੀਆਂ ਦੇ ਲਈ ਅਨੁਸੂਚੀ I ਵਿੱਚ ਉਲਿੱਖਤ ਕੀਮਤਾਂ ਤੇ, ਅਨਾਜ ਦੀ ਸਪੁਰਦਗੀ ਲੈਣਾ ਅਤੇ ਉਪਰੋਕਤਾਂ ਧਾਰਵਾਂ ਵਿੱਚ ਜਿਵੇਂ ਉਲਿੱਖਤ ਹੋਵੇ ਹੱਕੀ ਫ਼ਾਇਦਿਆਂ ਦੀ ਵਾਸਤਵਿਕ ਸਪੁਰਦਗੀ ਸੁਨਿਸ਼ਚਤ ਕਰਨ ਲਈ ਜ਼ਿੰਮੇਵਾਰ ਹੋਵੇਗੀ।

(4) ਅਧਿਆਏ II ਅਧੀਨ ਹੱਕਦਾਰ ਵਿਅਕਤੀਆਂ ਨੂੰ ਅਨਾਜ ਜਾਂ ਭੋਜਨ ਦੀ ਹੱਕਦਾਰ ਮਾਤਰਾਵਾਂ ਦੀ ਪੂਰਤੀ ਨਾ ਕਰਨ ਦੀ ਸੂਰਤ ਵਿੱਚ, ਰਾਜ ਸਰਕਾਰ ਧਾਰਾ 8 ਵਿੱਚ ਉਲਿੱਖਤ ਖੁਰਾਕ ਸੁਰੱਖਿਆ ਭੱਤੇ ਦੀ ਅਦਾਇਗੀ ਲਈ ਜ਼ਿੰਮੇਵਾਰ ਹੋਵੇਗੀ।

(5) ਹਰਿਕ ਰਾਜ ਸਰਕਾਰ, ਟੀਚਾ ਪੂਰਤੀ ਵੰਡ ਪ੍ਰਣਾਲੀ ਦੀਆਂ ਪ੍ਰਭਾਵਸ਼ਾਲੀ ਅਮਲ ਲਈ,-

(ੳ) ਰਾਜ, ਜ਼ਿਲ੍ਹਾ ਅਤੇ ਬਲਾਕ ਪੱਧਰਾ ਤੇ ਵਿਗਿਆਨਕ ਭੰਡਾਰ ਸਹੂਲਤਾਂ ਦਾ ਸਿਰਜਨ ਕਰੇਗੀ ਅਤੇ ਉਨ੍ਹਾਂ ਨੂੰ ਕਾਇਮ ਰੱਖੇਗੀ ਜੋ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਤੇ ਹੋਰ ਖੁਰਾਕ ਅਧਾਰਤ ਭਲਾਈ ਸਕੀਮਾਂ ਦੇ ਅਧੀਨ ਲੋੜੀਂਦੇ ਅਨਾਜਾਂ ਦੀ ਲੋੜ ਪੂਰੀ ਕਰਨ ਲਈ ਕਾਫ਼ੀ ਹੋਵੇ;

(ਅ) ਆਪਣੀ ਖੁਰਾਕ ਅਤੇ ਸਿਵਲ ਸਪਲਾਈ ਨਿਗਮ ਅਤੇ ਹੋਰ ਨਿਯਤ ਕੀਤੀਆਂ ਏਜੰਸੀਆਂ ਦੀਆਂ ਸਮਰੱਥਾਵਾਂ ਨੂੰ ਢੁਕਵੇਂ ਰੂਪ ਵਿੱਚ ਮਜਬੂਤ ਬਣਾਏਗੀ;

1955 ਦਾ 10 (ੲ) ਅਵੱਸ਼ਕ ਵਸਤਾਂ ਐਕਟ, 1955, ਸਮੇਂ-ਸਮੇਂ ਤੇ ਸੋਧੇ ਅਨੁਸਾਰ, ਦੇ ਅਧੀਨ ਕੀਤੇ ਗਏ ਪਬਲਿਕ ਵੰਡ ਪ੍ਰਣਾਲੀ (ਕੰਟਰੋਲ) ਹੁਕਮ 2001 ਦੇ ਸੁਸੰਗਤ ਉਪਬੰਧਾਂ ਦੀ ਅਨੁਸਾਰਤਾ ਵਿੱਚ ਉਚਿਤ ਕੀਮਤ ਦੀਆਂ ਦੁਕਾਨਾਂ ਦੇ ਲਈ ਸੰਸਥਾਗਤ ਲਸੰਸ ਵਿਵਸਥਾ ਸਥਾਪਤ ਕਰੇਗੀ।

## ਅਧਿਆਏ X

## ਸਥਾਨਕ ਅਥਾਰਟੀਆਂ ਦੀਆਂ ਬਾਂਧਾ

ਸਥਾਨਕ ਅਥਾਰਟੀਆਂ ਦੁਆਰਾ ਆਪਣੇ ਖੇਤਰਾਂ ਵਿੱਚ ਟੀਚਾ ਪੂਰਤੀ ਪਬਲਿਕ ਛੰਡ ਪ੍ਰਣਾਲੀ ਦਾ ਪਾਲਣ।

25. (1) ਸਥਾਨਕ ਅਥਾਰਟੀਆਂ, ਆਪਣੇ ਖੇਤਰਾਂ ਵਿੱਚ ਇਸ ਐਕਟ ਦਾ ਉਚਿਤ ਪਾਲਣ ਕਰਨ ਲਈ ਜ਼ਿੰਮੇਵਾਰ ਹੋਣਗੀਆਂ।

(2 ਉਪ-ਧਾਰਾ (1) ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਅਧਿਸੂਚਨਾਂ ਦੁਆਰਾ ਸਥਾਨਕ ਅਥਾਰਟੀ ਨੂੰ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੇ ਪਾਲਣ ਕਰਨ ਲਈ ਵਾਧੂ ਜ਼ਿੰਮੇਵਾਰੀਆਂ ਸੌਂਪ ਸਕੇਗੀ।

ਸਥਾਨਕ ਅਥਾਰਟੀ ਦੀਆਂ ਬਾਂਧਾ।

26. ਇਸ ਐਕਟ ਦੇ ਉਪਬੰਧਾ ਦਾ ਪਾਲਣ ਕਰਨ ਲਈ ਤਿਆਰ ਕੀਤੀਆਂ ਗਈਆਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਦੀਆਂ ਵੱਖੋ-ਵੱਖ ਸਕੀਮਾਂ ਦੀ ਪਾਲਣਾਂ ਕਰਨ ਵਿੱਚ, ਸਥਾਨਕ ਅਥਾਰਟੀ ਅਜਿਹੇ ਕਰੱਤਵ ਅਤੇ ਜਿੰਮੇਵਾਰੀਆਂ, ਜੋ ਰਾਜ ਸਰਕਾਰ ਦੁਆਰਾ, ਅਧਿਸੂਚਨਾ ਦੁਆਰਾ ਉਨ੍ਹਾਂ ਨੂੰ ਸੌਂਪੀਆਂ ਜਾਣ, ਨਿਭਾਉਣ ਲਈ ਜ਼ਿੰਮੇਵਾਰ ਹੋਵੇਗੀ।

## ਅਧਿਆਏ XI

## ਪਾਰਦਰਸ਼ਤਾ ਅਤੇ ਜਵਾਬਦੇਹੀ

ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੇ ਰਿਕਾਰਡਾਂ ਦਾ ਪ੍ਰਗਟ ਕਰਨਾ।

27. ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਨਾਲ ਸੰਬੰਧਤ ਸਭ ਰਿਕਾਰਡਾਂ ਨੂੰ, ਅਜਿਹੇ ਤਰੀਕੇ ਨਾਲ, ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ, ਪਬਲਿਕ ਕਾਰਜ਼-ਖੇਤਰ ਵਿੱਚ ਰੱਖਿਆ ਜਾਵੇਗਾ ਅਤੇ ਪਬਲਿਕ ਦੇ ਨਿਰੀਖਣ ਲਈ ਖੁਲ੍ਹਾ ਰੱਖਿਆ ਜਾਵੇਗਾ।

ਸਮਾਜਿਕ ਆਡਿਟ ਕਰਵਾਉਣਾ।

28. (1) ਹਰਿਕ ਸਥਾਨਕ ਅਥਾਰਟੀ ਜਾਂ ਕੋਈ ਹੋਰ ਅਥਾਰਟੀ ਜਾਂ ਬੌਡੀ, ਜਿਸ ਨੂੰ ਰਾਜ ਸਰਕਾਰ ਦੁਆਰਾ ਅਧਿਕਾਰਤ ਕੀਤਾ ਜਾਵੇ ਉਚਿਤ ਕੀਮਤ ਦੀਆਂ ਦੁਕਾਨਾਂ, ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਤੇ ਹੋਰ ਭਲਾਈ ਸਕੀਮਾਂ ਦੇ ਕਾਜ਼ਕਾਰ ਦੇ ਸਬੰਧ ਵਿੱਚ ਸਮੇਂ ਸਮੇਂ ਤੇ ਸਮਾਜਿਕ ਆਡਿਟ ਕਰੇਗੀ ਜਾਂ ਕਰਵਾਏਗੀ ਅਤੇ ਅਜਿਹੇ ਤਰੀਕੇ ਨਾਲ, ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ, ਆਪਣੇ ਸਿੱਟਿਆਂ ਦਾ ਪ੍ਰਚਾਰ ਕਰਵਾਏਗੀ ਅਤੇ ਜ਼ਰੂਰੀ ਕਾਰਵਾਈ ਕਰੇਗੀ।

(2) ਕੇਂਦਰੀ ਸਰਕਾਰ, ਜੇ ਉਹ ਜ਼ਰੂਰੀ ਸਮਝੇ, ਸਮਾਜਿਕ ਆਡਿਟ ਕਰ ਸਕੇ ਗੀ ਜਾਂ ਅਜਿਹੇ ਆਡਿਟਾਂ ਦਾ ਤਜ਼ਰਬਾ ਰੱਖਣ ਵਾਲੀਆਂ ਸੁਤੰਤਰ ਏਜੰਸੀਆਂ ਰਾਹੀਂ ਕਰਵਾ ਸਕੇਗੀ।

ਚੌਕਸੀ ਕਮੇਟੀਆਂ ਸਥਾਪਤ ਕਰਨਾ।

29. (1) ਹਰਿਕ ਰਾਜ ਸਰਕਾਰ, ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਉਚਿਤ ਕਾਜ਼ਕਾਰ ਦੀ ਅਜਿਹੀ ਪ੍ਰਣਾਲੀ ਵਿਚ ਕਾਜਕਾਰੀਆਂ ਦੀ ਜਵਾਬਦੇਹੀ ਸੁਨਿਸ਼ਚਤ ਕਰਨ ਦੇ ਲਈ ਰਾਜ, ਜ਼ਿਲ੍ਹਾ, ਬਲਾਕ ਅਤੇ ਉਚਿਤ ਕੀਮਤ ਦੀਆਂ ਦੁਕਾਨਾਂ ਦੇ ਪੱਧਰਾਂ ਤੇ, ਅਵੱਸ਼ਕ ਵਸਤਾਂ ਐਕਟ, 1955, ਸਮੇਂ ਸਮੇਂ ਤੇ ਸੋਧੇ ਅਨੁਸਾਰ, ਦੇ ਅਧੀਨ ਕੀਤੇ ਗਏ ਪਬਲਿਕ ਵੰਡ ਪ੍ਰਣਾਲੀ (ਕੰਟਰੋਲ) ਹੁਕਮ, 2001 ਵਿੱਚ ਜਿਵੇਂ ਉਲਿੱਖਤ ਕੀਤਾ ਜਾਵੇ ਚੌਕਸੀ ਕਮੇਟੀਆਂ ਸਥਾਪਤ ਕਰੇਗੀ, ਜੋ ਅਜਿਹੇ ਵਿਅਕਤੀਆਂ ਤੋਂ ਮਿਲਕੇ ਬਣੇਗੀ ਜੋ ਸਥਾਨਕ ਅਥਾਰਟੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਇਸਤਰੀਆਂ ਅਤੇ ਨਿਆਸਰਾ ਵਿਅਕਤੀਆਂ ਜਾਂ ਅਪੰਗ ਵਿਅਕਤੀਆਂ ਨੂੰ ਯੋਗ ਪ੍ਰਤੀਨਿਧਤਾ ਦਿੰਦੇ ਹੋਏ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

1955 ਦਾ 10

(2) ਚੌਕਸੀ ਕਮੇਟੀਆਂ, ਹੇਠ ਲਿਖੇ ਕਾਜ਼ਕਾਰ ਨਿਭਾਉਣਗੀਆਂ, ਜਿਵੇਂ ਕਿ :-

(ੳ) ਇਸ ਐਕਟ ਅਧੀਨ ਸਭ ਸਕੀਮਾਂ ਦੀ ਪਾਲਣਾ ਕਰਨ ਦੀ ਨਿਯਮਤ ਰੂਪ ਵਿੱਚ ਨਿਗਰਾਨੀ ਕਰਨ;

(ਅ) ਇਸ ਐਕਟ ਦੇ ਉਪਬੰਧਾਂ ਦੀ ਕੋਈ ਉਲੰਘਣਾ ਦਾ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਨੂੰ ਲਿਖਤੀ ਸੂਚਿਤ ਕਰਨਾ; ਅਤੇ

(ੲ) ਉਸ ਦੁਆਰਾ ਪਤਾ ਲਗੇ ਕਿਸੇ ਭ੍ਰਿਸ਼ਟਾਚਾਰ ਜਾਂ ਫੰਡਾਂ ਦੀ ਕੁਵਰਤੋਂ ਬਾਰੇ, ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਨੂੰ ਲਿਖਤੀ ਸੂਚਿਤ ਕਰਨਾ।

## ਅਧਿਆਏ XII

## ਖੁਰਾਕ ਸੁਰੱਖਿਆ ਨੂੰ ਅਗਾਂਹਵਧੂ ਬਣਾਉਣ ਲਈ ਉਪਬੰਧ

ਦੁਰੇਡੇ, ਪਹਾੜੀ ਅਤੇ ਕਬਾਇਲੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਖੁਰਾਕ ਰੱਖਿਆ।

30. ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਇਸ ਐਕਟ ਦੇ ਉਪਬੰਧਾਂ ਅਤੇ ਉਲਿੱਖਤ ਹੱਕਦਾਰੀਆਂ ਦੀ ਪੂਰਤੀ ਲਈ ਸਕੀਮਾਂ ਦੀ ਪਾਲਣਾ ਕਰਦੇ ਸਮੇਂ ਕਮਜ਼ੋਰ ਗੱਰੁਪਾਂ ਦੀ ਵਿਸੇਸ਼ ਤੌਰ ਤੇ, ਉਸਦੀ ਜੋ ਦੁਰੇਡੇ ਖੇਤਰਾਂ ਅਤੇ ਅਜਿਹੇ ਹੋਰ ਖੇਤਰਾਂ ਵਿੱਚ, ਜਿੱਥੇ ਪਹੁੰਚਣਾ ਕਠਿਨ ਹੈ, ਪਹਾੜੀ ਅਤੇ ਕਬਾਇਲੀ ਖੇਤਰਾਂ ਵਿੱਚ ਰਹਿੰਦੇ ਹਨ, ਖੁਰਾਕ ਸੁਰੱਖਿਆ ਸੁਨਿਸ਼ਚਤ ਕਰਨ ਲਈ ਉਨ੍ਹਾਂ ਦੀਆਂ ਲੋੜ੍ਹਾਂ ਤੇ ਵਿਸ਼ੇਸ ਧਿਆਨ ਦੇਵੇਗੀ।

ਖੁਰਾਕ ਅਤੇ ਪੌਸ਼ਟਿਕਤਾ ਸੰਬੰਧੀ ਸੁਰੱਖਿਆ ਨੂੰ ਹੋਰ ਅਗਾਊਂ ਦੇਣ ਲਈ ਕਦਮ ਚੁੱਕਣੇ।

31. ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਸਥਾਨਕ ਅਥਾਰਟੀਆਂ, ਖੁਰਾਕ ਅਤੇ ਪੌਸ਼ਟਿਕਤਾ ਸਬੰਧੀ ਸੁਰੱਖਿਆ ਨੂੰ ਅਗਾਊਂ ਦੇਣ ਦੇ ਪ੍ਰਯੋਜਨ ਲਈ ਅਨੁਸੂਚੀ III ਵਿੱਚ ਉਲਿੱਖਤ ਟੀਚਿਆਂ ਨੂੰ ਪ੍ਰਗਤੀਸ਼ੀਲਤਾ ਨਾਲ ਪ੍ਰਾਪਤ ਕਰਨ ਦਾ ਯਤਨ ਕਰਨਗੀਆਂ।

## ਅਧਿਆਏ XIII

## ਫੁਟਕਲ

ਹੋਰ ਭਲਾਈ ਸਕੀਮਾਂ।

32. (1) ਇਸ ਐਕਟ ਦੇ ਉਪਬੰਧ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਨੂੰ ਹੋਰ ਖੁਰਾਕ ਅਧਾਰਤ ਭਲਾਈ ਸਕੀਮਾਂ ਨੂੰ ਜਾਰੀ ਰੱਖਣ ਜਾਂ ਬਣਾਉਣ ਤੋਂ ਵਰਜਿਤ ਨਹੀ ਕਰਨਗੇ।

(2) ਇਸ ਐਕਟ ਵਿੱਚ ਦਰਜ਼ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਰਾਜ ਸਰਕਾਰ ਆਪਣੇ ਖੁਦ ਦੇ ਸਰੋਤਾਂ ਤੋਂ, ਇਸ ਐਕਟ ਅਧੀਨ ਉਪਬੰਧਤ ਫ਼ਾਇਦਿਆਂ ਤੋਂ ਉਚੇਰੇ ਫ਼ਾਇਦਿਆਂ ਦਾ ਉਪਬੰਧ ਕਰਨ ਲਈ ਖੁਰਾਕ ਜਾਂ ਪੌਸ਼ਟਿਕਤਾ ਅਧਾਰਤ ਯੋਜਨਾਵਾਂ ਜਾਂ ਸਕੀਮਾਂ ਜਾਰੀ ਰੱਖ ਸਕੇਗੀ ਜਾਂ ਬਣਾ ਸਕੇਗੀ।

ਡੰਨ।

33. ਅਜਿਹਾ ਕੋਈ ਲੋਕ ਸੇਵਕ ਜਾਂ ਅਥਾਰਟੀ, ਜ਼ਿਸ ਨੂੰ ਰਾਜ ਕਮਿਸ਼ਨ ਦੁਆਰਾ, ਕਿਸੇ ਸ਼ਿਕਾਇਤ ਜਾਂ ਅਪੀਲ ਦਾ ਫ਼ੈਸਲਾ ਕਰਦੇ ਸਮੇਂ, ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੁਆਰਾ ਸਿਫ਼ਾਰਸ ਕੀਤੀ ਗਈ ਰਾਹਤ ਨੂੰ, ਬਿਨਾਂ ਕਿਸੇ ਵਾਜ਼ਬ

ਕਾਰਨ ਦੇ ਉਪਬੰਧ ਕਰਵਾਉਣ ਵਿੱਚ ਅਸਫ਼ਲ ਰਹਿਣ ਦਾ ਜਾਂ ਅਜਿਹੀ ਸਿਫ਼ਾਰਸ ਦੀ ਜਾਣ-ਬੁਝ ਕੇ ਉਪੇਖਿਆ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ, ਪੰਜ ਹਜ਼ਾਰ ਰੁਪਏ ਤੋਂ ਨ ਵੱਧ ਦੇ ਡੰਨ ਦਾ ਭਾਗੀ ਹੋਵੇਗੀ:

ਪਰੰਤੂ ਕੋਈ ਡੰਨ ਅੰਰੋਪਤ ਕਰਨ ਤੋਂ ਪਹਿਲਾਂ, ਜਿਹੀ ਕਿ ਸੂਰਤ ਹੋਵੇ, ਲੋਕ ਸੇਵਕ ਜਾਂ ਲੋਕ ਅਥਾਰਟੀ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤਾ ਜਾਵੇਗਾ।

ਨਿਰਣਾ ਦੇਣ ਦੀ ਸ਼ਕਤੀ।

34. (1) ਰਾਜ ਕਮਿਸ਼ਨ ਧਾਰਾ 33 ਅਧੀਨ ਡੰਨ ਦਾ ਨਿਆਂ ਕਰਨ ਦੇ ਪ੍ਰਯੋਜਨ ਲਈ, ਸਬੰਧਤ ਕਿਸੇ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਜਾਣ ਪਿੱਛੋਂ, ਮੁਕੱਰਰ ਤਰੀਕੇ ਨਾਲ, ਜਾਂਚ ਕਰਨ ਲਈ ਨਿਰਣਾ ਅਫ਼ਸਰ ਦੇ ਰੂਪ ਵਿੱਚ ਆਪਣੇ ਮੈਂਬਰ ਨੂੰ ਅਧਿਕਾਰਤ ਕਰੇਗਾ।

(2) ਨਿਰਣਾ ਅਫ਼ਸਰ ਨੂੰ ਕੋਈ ਜਾਂਚ ਕਰਦੇ ਸਮੇਂ, ਕਿਸੇ ਅਜਿਹੇ ਵਿਅਕਤੀ ਨੂੰ ਜੋ ਅਜਿਹੀ ਸ਼ਹਾਦਤ ਦੇਣ ਜਾਂ ਕੋਈ ਅਜਿਹਾ ਦਸਤਾਵੇਜ਼, ਜੋ ਨਿਰਣਾ ਅਫ਼ਸਰ ਦੀ ਰਾਏ ਵਿੱਚ, ਜਾਂਚ ਦੀ ਵਿਸ਼ਾ ਵਸਤੂ ਦੇ ਲਈ ਉਪਯੋਗੀ ਜਾਂ ਸੁਸੰਗਤ ਹੋ ਸਕਦਾ ਹੈ, ਪੇਸ਼ ਕਰਨ ਲਈ ਕੇਸ ਦੇ ਤੱਥਾਂ ਅਤੇ ਹਾਲਾਤਾਂ ਤੋਂ ਜਾਣੂ ਕਿਸੇ ਵਿਅਕਤੀ ਨੂੰ ਸੰਮਨ ਕਰਨ ਅਤੇ ਹਾਜ਼ਰ ਕਰਵਾਉਣ ਦੀ ਸ਼ਕਤੀ ਹੋਵੇਗੀ ਅਤੇ ਜੇ ਅਜਿਹੀ ਜਾਂਚ ਕਰਨ ਤੇ ਉਸਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਅਜਿਹਾ ਵਿਅਕਤੀ ਬਿਨਾਂ ਕਿਸੇ ਵਾਜਬ ਕਾਰਨ ਦੇ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੁਆਰਾ ਕੀਤੀ ਗਈ ਸਿਫ਼ਾਰਸ਼ ਦੇ ਕਾਰਨ ਰਾਹਤ ਦੇਣ ਤੋਂ ਅਸਫ਼ਲ ਰਿਹਾ ਹੈ ਜਾਂ ਉਸਨੇ ਜਾਣ ਬੁੱਝ ਕੇ ਅਜਿਹੀਆਂ ਸਿਫ਼ਾਰਸ਼ਾਂ ਦੀ

ਉਪੇਖਿਆ ਕੀਤੀ ਹੈ ਤਾਂ ਉਹ ਅਜਿਹੇ ਡੰਨ, ਜੋ ਉਪ-ਧਾਰਾ 33 ਦੇ ਉਪਬੰਧਾਂ ਦੇ ਅਨੁਸਾਰ ਠੀਕ ਸਮਝੇ, ਅਰੋਪਤ ਕਰ ਸਕੇਗਾ।

ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਸ਼ਕਤੀਆਂ ਸੌਂਪਣ ਦੀ ਸ਼ਕਤੀ।

35. (1) ਕੇਂਦਰੀ ਸਰਕਾਰ, ਅਧਿਸੂਚਨਾ ਦੁਆਰਾ, ਇਹ ਨਿਦੇਸ਼ ਦੇ ਸਕੇਗੀ ਕਿ ਉਸ ਦੁਆਰਾ ਵਰਤੋਂ ਯੋਗ ਸ਼ਕਤੀਆਂ (ਨਿਯਮ ਬਣਾਉਣ ਦੀ ਸ਼ਕਤੀ ਦੇ ਸਿਵਾਏ) ਅਜਿਹੇ ਹਾਲਾਤਾਂ ਵਿੱਚ ਅਜਿਹੀ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੇ ਮਾਤਹਿਤ ਕਿਸੇ ਅਜਿਹੇ ਅਫ਼ਸਰ ਦੁਆਰਾ ਵੀ, ਜਿਸ ਨੂੰ ਉਹ ਅਧਿਸੂਚਨਾ ਵਿੱਚ ਉਲਿੱਖਤ ਕਰੇ, ਵਰਤੋਂ ਯੋਗ ਹੋਣਗੀਆਂ।

(2) ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਹ ਨਿਦੇਸ਼ ਦੇ ਸਕੇਗੀ ਕਿ ਉਸ ਦੁਆਰਾ ਵਰਤੋਂਯੋਗ ਸ਼ਕਤੀਆਂ (ਨਿਯਮ ਬਣਾਉਣ ਦੀ ਸ਼ਕਤੀ ਦੇ ਸਿਵਾਏ) ਅਜਿਹੇ ਹਾਲਾਤਾਂ ਵਿੱਚ ਅਤੇ ਅਜਿਹੀਆਂ ਸ਼ਰਤਾਂ ਅਤੇ ਬੰਦਸ਼ ਦੇ ਤਾਬੇ, ਉਸ ਦੇ ਮਾਤਹਿਤ ਕਿਸੇ ਅਜਿਹੇ ਅਫ਼ਸਰ ਦੁਆਰਾ ਵੀ, ਜਿਸ ਨੂੰ ਉਹ ਅਧਿਸੂਚਨਾ ਵਿੱਚ ਉਲਿੱਖਤ ਕਰੇ, ਵਰਤੋਂਯੋਗ ਹੋਣਗੀਆਂ।

ਐਕਟ ਦਾ ਪਰਮ-ਪ੍ਰਭਾਵੀ ਹੋਣਾ।

36. ਇਸ ਐਕਟ ਜਾਂ ਇਸ ਅਧੀਨ ਬਣਾਈਆਂ ਗਈਆਂ ਸਕੀਮਾਂ ਦੇ ਉਪਬੰਧ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਅਜਿਹੇ ਕਾਨੂੰਨ ਦੇ ਅਧਾਰ ਤੇ ਪ੍ਰਭਾਵ ਰੱਖਦੀ ਕੋਈ ਲਿਖਤ ਵਿੱਚ ਦਰਜ ਉਸ ਦੇ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਅਨੁਸੂਚੀਆਂ ਨੂੰ ਸੋਧਣ ਦੀ ਸ਼ਕਤੀ।

37. (1) ਜੇ ਕੇਂਦਰੀ ਸਰਕਾਰ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਅਜਿਹਾ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ ਤਾਂ ਉਹ ਅਧਿਸੂਚਨਾ ਦੁਆਰਾ ਅਨੁਸੂਚੀ I ਜਾਂ ਅਨੁਸੂਚੀ II ਜਾਂ ਅਨੁਸੂਚੀ III ਜਾਂ ਅਨੁਸੂਚੀ IV ਦੀ ਸੋਧ ਕਰ ਸਕੇਗੀ ਅਤੇ ਇਸ ਤੇ ਫਲਸਰੂਪ, ਜਿਹੀ ਕਿ ਸੂਰਤ ਹੋਵੇ, ਅਨੁਸੂਚੀ I ਜਾਂ ਅਨੁਸੂਚੀ II ਜਾਂ ਅਨੁਸੂਚੀ III ਜਾਂ ਅਨੁਸੂਚੀ IV, ਉਸ ਅਨੁਸਾਰ ਸੋਧੀ ਗਈ ਸਮਝੀ ਜਾਵੇਗੀ।

(2) ਉਪ-ਧਾਰਾ (1) ਅਧੀਨ ਜਾਰੀ ਕੀਤੀ ਗਈ ਅਜਿਹੀ ਹਰਿਕ ਅਧਿਸੂਚਨਾ ਦੀ ਇਕ ਨਕਲ, ਉਸਦੇ ਜਾਰੀ ਕੀਤੇ ਜਾਣ ਪਿੱਛੋਂ, ਜਿੰਨਾਂ ਛੇਤੀ ਹੋ ਸਕੇਗਾ, ਸੰਸਦ ਦੇ ਹਰੇਕ ਸਦਨ ਅੱਗੇ ਰੱਖੀ ਜਾਵੇਗੀ।

ਕੇਂਦਰੀ ਸਰਕਾਰ ਦੀ ਨਿਦੇਸ਼ ਦੇਣ ਦੀ ਸ਼ਕਤੀ।

38. ਕੇਂਦਰੀ ਸਰਕਾਰ, ਇਸ ਐਕਟ ਦੇ ਉਪਬੰਧ ਦੀ ਪਾਲਣਾ ਨੂੰ ਪ੍ਰਭਾਵੀ ਕਰਨ ਲਈ ਸਮੇਂ ਸਮੇਂ ਤੇ ਰਾਜ ਸਰਕਾਰਾਂ ਨੂੰ ਅਜਿਹੇ ਨਿਦੇਸ਼ ਦੇ ਸਕੇਗੀ, ਜੋ ਉਹ ਜ਼ਰੂਰੀ ਸਮਝੇ ਅਤੇ ਰਾਜ ਸਰਕਾਰਾਂ ਅਜਿਹੇ ਨਿਦੇਸ਼ਾਂ ਦਾ ਪਾਲਣ ਕਰਣਗੀਆਂ।

ਕੇਂਦਰੀ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

39. (1) ਕੇਂਦਰੀ ਸਰਕਾਰ, ਰਾਜ ਸਰਕਾਰਾਂ ਨਾਲ ਮਸ਼ਵਰਾ ਕਰਨ ਪਿੱਛੋਂ ਅਤੇ ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਨਿਯਮ ਹੇਠ ਲਿਖੇ ਸਭ ਵਿਸ਼ਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਜਿਵੇਂ ਕਿ:-

(ੳ) ਧਾਰਾ 4 ਖੰਡ (ਅ) ਅਧੀਨ ਪ੍ਰਸੂਤੀ ਗਰਭਵਤੀ ਇਸਤਰੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਪ੍ਰਸੂਤੀ ਫ਼ਾਇਦੇ ਦਾ ਉਪਬੰਧ ਕਰਵਾਉਣ ਸਬੰਧੀ ਸਕੀਮ ਜਿਸ ਵਿੱਚ ਖ਼ਰਚ ਦਾ ਹਿੱਸਾ ਵੰਡਣਾ ਵੀ ਸ਼ਾਮਲ ਹੈ;

(ਅ) ਧਾਰਾ 4, ਧਾਰਾ 5 ਅਤੇ ਧਾਰਾ 6 ਅਧੀਨ ਹੱਕਦਾਰੀ ਸੰਬੰਧੀ ਸਕੀਮ ਜਿਸ ਵਿੱਚ ਧਾਰਾ 7 ਅਧੀਨ ਖ਼ਰਚ ਦਾ ਹਿੱਸਾ ਵੰਡਣਾ ਵੀ ਸ਼ਾਮਲ ਹੈ;

(ੲ) ਧਾਰਾ 8 ਅਧੀਨ ਹੱਕਦਾਰ ਵਿਅਕਤੀਆਂ ਨੂੰ ਖੁਰਾਕ ਸੁਰੱਖਿਆ ਭੱਤੇ ਦੀ ਅਦਾਇਗੀ ਦੀ ਰਕਮ, ਉਸ ਦਾ ਸਮਾਂ ਅਤੇ ਤਰੀਕਾ;

(ਸ) ਧਾਰਾ 12 ਉਪ-ਧਾਰ (2) ਦੇ ਖੰਡ (ਗ) ਅਧੀਨ ਟੀਚਾ ਪੂਰਤੀ ਲਾਭ ਪਾਤਰੀਆਂ ਨੂੰ ਅਜਿਹੇ ਖੇਤਰਾਂ ਵਿੱਚ ਅਤੇ ਅਜਿਹੇ ਤਰੀਕੇ ਨਾਲ ਉਨ੍ਹਾਂ ਦੀਆਂ ਅਨਾਜ ਹੱਕਦਾਰੀਆਂ ਸੁਨਿਸ਼ਚਤ ਕਰਨ ਦੇ ਇਰਾਦੇ ਨਾਲ ਨਕਦੀ ਤਬਦੀਲ ਕਰਨ, ਖੁਰਾਕ ਕੂਪਨਾ ਦੀਆਂ ਸਕੀਮਾਂ ਜਾਂ ਹੋਰ ਸਕੀਮਾਂ ਦਾ ਅਰੰਭ ਕਰਨਾ;

(ਹ) ਧਾਰਾ 22 ਦੀ ਉਪ-ਧਾਰਾ (4) ਦੇ ਖੰਡ (ਸ) ਅਧੀਨ ਖ਼ਰਚ ਪੂਰਾ ਕਰਨ ਵਿੱਚ ਰਾਜ ਸਰਕਾਰਾਂ ਨੂੰ ਸਹਾਇਤਾ ਦਾ ਉਪਬੰਧ ਕਰਨ ਦਾ ਮਾਪ-ਦੰਡ ਅਤੇ ਤਰੀਕਾ;

(ਕ) ਉਹ ਤਰੀਕਾ, ਜਿਸ ਵਿੱਚ ਧਾਰਾ 23 ਅਧੀਨ ਅਨਾਜਾਂ ਦੀ ਘੱਟ ਪੂਰਤੀ ਦੀ ਸੂਰਤ ਵਿੱਚ ਕੇਂਦਰੀ ਸਰਕਾਰ ਦੁਆਰਾ ਰਾਜ ਸਰਕਾਰਾਂ ਨੂੰ ਫੰਡਾਂ ਦਾ ਉਪਬੰਧ ਕਰਵਾਏਗੀ;

(ਖ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਮੁਕੱਰਰ ਕੀਤਾ ਜਾਵੇ ਜਾਂ ਜਿਸ ਦੇ ਸਬੰਧ ਵਿੱਚ ਕੇਂਦਰੀ ਸਰਕਾਰ ਵੱਲੋਂ ਨਿਯਮਾਂ ਦੁਆਰਾ ਉਪਬੰਧ ਕੀਤਾ ਜਾਣਾ ਹੈ।

(3) ਇਸ ਐਕਟ ਅਧੀਨ ਕੇਂਦਰੀ ਸਰਕਾਰ ਦੁਆਰਾ ਬਣਾਇਆ ਗਿਆ ਹਰਿਕ ਨਿਯਮ, ਉਸਦੇ ਬਣਾਏ ਜਾਣ ਪਿੱਛੋ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ, ਜਦ ਉਹ ਇਜ਼ਲਾਸ ਵਿੱਚ ਹੈ, ਤੀਹ ਦਿਨਾਂ ਦੀ ਕੁੱਲ ਮੁਦੱਤ ਲਈ, ਰੱਖਿਆ ਜਾਵੇਗਾ ਜੋ ਇਕ ਇਜ਼ਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜ਼ਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਉਪਰੋਕਤ ਇਜ਼ਲਾਸ ਜਾਂ ਕ੍ਰਮਵਰਤੀ ਇਜ਼ਲਾਸਾਂ ਦੇ ਤੁਰੰਤ ਮਗਰੋਂ ਹੋਣ ਵਾਲੇ ਇਜ਼ਲਾਸ ਦੇ ਗੁਜ਼ਰਨ ਤੋ ਪਹਿਲਾਂ ਦੋਵੇਂ ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ ਜਾਂ ਦੋਵੇਂ ਸਦਨ ਸਹਿਮਤ ਹੋ ਜਾਂਦੇ ਹਨ ਕਿ ਉਹ ਨਿਯਮ ਨਹੀਂ ਬਣਾਉਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋ ਪਿੱਛੇ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤਿਕੂਲ ਪ੍ਰਭਾਵ ਨਹੀਂ ਪਵੇਗਾ।

ਰਾਜ ਸਰਕਾਰ ਦੇ ਨਿਯਮ ਬਣਾਉਣ ਦੀ ਸ਼ਕਤੀ।

40. (1) ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਅਧਿਸੂਚਨਾ ਦੁਆਰਾ ਅਤੇ ਪੂਰਵ ਪ੍ਰਕਾਸ਼ਨ ਦੀਆਂ ਸ਼ਰਤਾਂ ਦੇ ਤਾਬੇ, ਅਤੇ ਇਸ ਐਕਟ ਅਤੇ ਕੇਂਦਰੀ ਸਰਕਾਰ ਦੁਆਰਾ ਬਣਾਏ ਨਿਯਮਾਂ ਦੇ ਸੰਗਤ, ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਨਿਯਮ ਹੇਠ ਲਿਖੇ ਸਭ ਵਿਸ਼ਿਆ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਜਿਵੇਂ ਕਿ:-

(ੳ) ਧਾਰਾ 10 ਦੀ ਉਪ-ਧਾਰਾ (1) ਅਧੀਨ ਪਹਿਲ ਪ੍ਰਾਪਤ ਟੱਬਰ ਦੀ ਪਛਾਣ ਲਈ ਸੇਧਾਂ;

(ਅ) ਧਾਰਾ 14 ਅਧੀਨ ਅੰਦਰੂਨ ਸ਼ਿਕਾਇਤ ਨਿਵਾਰਣ ਪ੍ਰਬੰਧ;

(ੲ) ਧਾਰਾ 15 ਦੀ ਉਪ-ਧਾਰਾ (2) ਅਧੀਨ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੇ ਰੂਪ ਵਿੱਚ ਨਿਯੁਕਤੀ ਲਈ ਯੋਗਤਾਵਾਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ;

(ਸ) ਧਾਰਾ 15 ਦੀ ਉਪ-ਧਾਰਾ (3) ਅਧੀਨ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੀ ਨਿਯੁਕਤੀ ਦਾ ਢੰਗ ਅਤੇ ਨਿਬੰਧਨ ਅਤੇ ਸ਼ਰਤਾਂ।

(ਹ) ਧਾਰਾ 15 ਦੀ ਉਪ-ਧਾਰਾ (5) ਅਤੇ (7) ਅਧੀਨ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਦੁਆਰਾ ਸ਼ਿਕਾਇਤਾਂ ਦੀ ਸੁਣਵਾਈ ਲਈ ਅਤੇ ਅਪੀਲਾਂ ਫ਼ਾਇਲ ਕੀਤੇ ਜਾਣ ਦਾ ਤਰੀਕਾ ਅਤੇ ਸਮਾਂ ਸੀਮਾ;

(ਕ) ਧਾਰਾ 16 ਦੀ ਉਪ-ਧਾਰਾ (5) ਅਧੀਨ ਰਾਜ ਕਮਿਸ਼ਨ ਦੇ ਚੇਅਰਪਰਸਨ, ਹੋਰ ਮੈਂਬਰ ਅਤੇ ਮੈਂਬਰ ਸਕੱਤਰ ਨਿਯੁਕਤੀ ਦਾ ਢੰਗ ਅਤੇ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਕਮਿਸ਼ਨ ਦੀਆਂ ਇਕੱਤਰਤਾ ਲਈ ਜ਼ਾਬਤਾ ਅਤੇ ਉਨ੍ਹਾਂ ਦੀਆਂ ਸ਼ਕਤੀਆਂ;

(ਖ) ਧਾਰਾ 16 ਦੀ ਉਪ-ਧਾਰਾ (8) ਅਧੀਨ ਰਾਜ ਕਮਿਸ਼ਨ ਦੇ ਅਮਲੇ ਦੀ ਨਿਯਕਤੀ ਦਾ ਢੰਗ, ਉਨ੍ਹਾਂ ਦੀਆਂ ਤਨਖਾਵਾਂ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ;

(ਗ) ਉਹ ਤਰੀਕਾ, ਜਿਸ ਵਿੱਚ ਧਾਰਾ 27 ਅਧੀਨ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਨਾਲ ਸਬੰਧਤ ਰਿਕਾਰਡ ਲੋਕ ਕਾਰਜ-ਖੇਤਰ ਵਿੱਚ ਰੱਖੇ ਜਾਣਗੇ ਅਤੇ ਲੋਕਾਂ ਦੇ ਮੁਆਇਨੇ ਲਈ ਖੁਲ੍ਹੇ ਰੱਖੇ ਜਾਣਗੇ;

(ਘ) ਉਹ ਤਰੀਕਾ, ਜਿਸ ਵਿੱਚ ਧਾਰਾ 28 ਅਧੀਨ ਉਚਿਤ ਕੀਮਤ ਦੀਆਂ ਦੁਕਾਨਾਂ ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਤੇ ਹੋਰ ਭਲਾਈ ਸਕੀਮਾਂ ਦੇ ਕਾਜ਼ਕਾਰ ਦਾ ਸਮਾਜਿਕ ਆਡਿਟ ਕੀਤਾ ਜਾਵੇਗਾ;

(ਙ) ਧਾਰਾ 29 ਦੀ ਉਪ-ਧਾਰਾ (1) ਅਧੀਨ ਚੌਕਸੀ ਕਮੇਟੀਆਂ ਦੀ ਰਚਨਾ;

(ਚ) ਧਾਰਾ 43 ਅਧੀਨ ਸੰਸਥਾਗਤ ਵਿਧੀ ਦੇ ਉਪਯੋਗ ਲਈ ਕੇਂਦਰੀ, ਸਰਕਾਰ ਜਾਂ ਰਾਜ ਸਰਕਾਰ ਦੀਆਂ ਸਕੀਮਾਂ ਜਾਂ ਪ੍ਰੋਗਰਾਮ;

(ਛ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਮੁਕੱਰਰ ਕੀਤਾ ਜਾਵੇ ਜਾਂ ਜਿਸ ਦੇ ਸੰਬੰਧ ਵਿੱਚ ਰਾਜ ਸਰਕਾਰ ਦੁਆਰਾ ਨਿਯਮਾਂ ਦੁਆਰਾ ਉਪਬੰਧ ਕੀਤਾ ਜਾਣਾ ਹੈ।

(3) ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਬਣਾਇਆ ਗਿਆ ਹਰਿਕ ਨਿਯਮ ਜਾ ਜਾਰੀ ਕੀਤੀ ਗਈ ਹਰਿਕ ਅਧਿਸੂਚਨਾ ਅਤੇ ਸੇਧਾਂ, ਉਸਦੇ ਬਣਾਏ ਜਾਣ ਜਾਂ ਜਾਰੀ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ, ਜਿੱਥੇ ਉਸ ਦੇ ਦੋ ਸਦਨ ਹਨ, ਹਰਿਕ ਸਦਨ ਅੱਗੇ ਅਤੇ ਜਿੱਥੇ ਰਾਜ ਵਿਧਾਨ ਮੰਡਲ ਦਾ ਇਕ ਸਦਨ ਹੈ ਉਥੇ ਉਸ ਸਦਨ ਅੱਗੇ ਰੱਖੇ ਜਾਣਗੇ।

ਸਕੀਮਾਂ, ਸੇਧਾਂ ਆਦਿ ਲਈ ਅਲਪਕਾਲੀ ਉਪਬੰਧ।

41. ਇਸ ਐਕਟ ਦੇ ਅਰੰਭ ਦੀ ਤਰੀਕ ਤੇ ਮੌਜੂਦ ਸਕੀਮ, ਸੇਧਾਂ, ਹੁਕਮ ਅਤੇ ਖੁਰਾਕ ਮਿਆਰ, ਸ਼ਿਕਾਇਤ ਨਿਵਾਰਣ ਵਿਧੀ, ਚੌਕਸੀ ਕਮੇਟੀਆਂ ਤਦ ਤੱਕ ਨਾਫ਼ਜ਼ ਬਣੀਆਂ ਰਹਿਣਗੀਆਂ ਜਦ ਤੱਕ ਇਸ ਐਕਟ ਜਾਂ ਉਸਦੇ ਅਧੀਨ ਬਣਾਏ ਗਏ ਨਿਯਮਾਂ, ਅਜਿਹੀਆਂ ਸਕੀਮਾਂ, ਸੇਧਾਂ, ਹੁਕਮ ਅਤੇ ਖੁਰਾਕ ਮਿਆਰ, ਸ਼ਿਕਾਇਤ ਨਿਵਾਰਣ ਵਿਧੀ, ਚੌਕਸੀਆਂ ਕਮੇਟੀਆਂ ਉਲਿੱਖਤ ਜਾਂ ਅਧਿਸੂਚਤ ਹਨ;

ਪਰੰਤੂ ਉਕਤ ਸਕੀਮਾਂ, ਸੇਧਾਂ ਹੁਕਮ ਅਤੇ ਖੁਰਾਕ ਮਿਆਰ, ਸ਼ਿਕਾਇਤ ਨਿਵਾਰਣ ਵਿਧੀ, ਅਧੀਨ ਜ਼ਾਂ ਚੌਕਸੀ ਕਮੇਟੀਆਂ ਦੁਆਰਾ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਸਮਝੀ ਜਾਵੇਗੀ ਅਤੇ ਉਸ ਅਨੁਸਾਰ ਤਦ ਤੱਕ ਨਾਫ਼ਜ਼ ਬਣੀ ਰਹੇਗੀ ਜਦ ਤੱਕ ਕਿ ਇਸ ਐਕਟ

ਅਧੀਨ ਕੀਤੀ ਗਈ ਕੋਈ ਗੱਲ ਜਾਂ ਕਿਸੇ ਕਾਰਵਾਈ ਦੁਆਰਾ ਉਸ ਨੂੰ ਮਨਸੂਖ ਨਹੀਂ ਕੀਤਾ ਜਾਂਦਾ।

ਕਠਨਾਈਆਂ ਨੂੰ ਦੂਰ ਕਰਨ ਦੀ ਸ਼ਕਤੀ।

42. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਕੇਂਦਰੀ ਸਰਕਾਰ, ਸਰਕਾਰੀ ਗੱਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਵੇ, ਅਤੇ ਜੋ ਉਸ ਕਠਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਵੇ:

ਪਰੰਤੂ ਇਸ ਧਾਰਾ ਅਧੀਨ ਅਜਿਹਾ ਕੋਈ ਹੁਕਮ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁਦੱਤ ਦੇ ਗੁਜ਼ਰਨ ਤੋਂ ਪਿੱਛੋਂ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਹਰਿਕ ਹੁਕਮ ਇਸ ਤੇ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰੱਖਿਆ ਜਾਵੇਗਾ

ਹੋਰ ਪ੍ਰਯੋਜਨਾਂ ਲਈ ਸੰਸਥਾਗਤ ਪ੍ਰਬੰਧ ਦੀ ਉਪਯੋਗਤਾ।

43. ਧਾਰਾ 15 ਅਤੇ ਧਾਰਾ 16 ਅਧੀਨ ਨਿਯੁਕਤ ਜਾਂ ਗਠਤ ਕੀਤੀਆਂ ਜਾਣ ਵਾਲੀਆਂ ਅਥਾਰਟੀਆਂ ਦੀਆਂ ਸੇਵਾਵਾਂ ਦਾ ਕੇਂਦਰੀ ਸਰਕਾਰ ਦੀ ਜਾਂ ਰਾਜ ਸਰਕਾਰਾਂ ਦੀਆਂ ਅਜਿਹੀਆਂ ਹੋਰ ਸਕੀਮਾਂ ਜਾਂ ਪ੍ਰੋਗਰਾਮਾਂ ਦੀ ਪਾਲਣਾ ਕਰਨ ਵਿੱਚ ਜਿਵੇਂ ਕਿ ਰਾਜ ਸਰਕਾਰ ਦੁਆਰ ਮੁਕੱਰਰ ਹੋਵੇ, ਉਪਯੋਗ ਕਰ ਸਕੇਗੀ।

ਵਸੋਂ ਬਾਹਰੀ ਘਟਨਾ।

44. ਕੇਂਦਰੀ ਸਰਕਾਰ ਜਾਂ ਰਾਜ ਸਰਕਾਰ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਅਧੀਨ ਹੱਕਦਾਰ ਕਿਸੇ ਵਿਅਕਤੀ ਦੁਆਰਾ ਕੀਤੇ ਗਏ ਕਲੇਮ ਦੇ ਲਈ ਯੁਧ, ਹੜ੍ਹ, ਸੋਕਾ, ਅੱਗ ਚੱਕਰਵਾਤ ਜਾਂ ਭੂਚਾਲ ਦੀ ਸੂਰਤ ਦੇ ਸਿਵਾਏ, ਜਿਸ ਨਾਲ ਇਸ ਐਕਟ ਦੇ ਅਧੀਨ ਅਜਿਹੇ ਵਿਅਕਤੀ ਨੂੰ ਅਨਾਜ ਜਾਂ ਭੋਜਨ ਦੀ ਨਿਯਮਤ ਪੂਰਤੀ ਤੇ ਪ੍ਰਭਾਵ ਪੈਂਦਾ ਹੈ, ਭਾਗੀ ਹੋਵੇਗੀ:

ਪਰੰਤੂ ਕੇਂਦਰੀ ਸਰਕਾਰ, ਯੋਜਨਾ ਕਮਿਸ਼ਨ ਦੇ ਮਸ਼ਵਰੇ ਨਾਲ ਇਹ ਐਲਾਨ ਕਰ ਸਕੇਗੀ ਕਿ ਅਜਿਹੇ ਵਿਅਕਤੀ ਨੂੰ ਅਨਾਜ ਜਾਂ ਭੋਜਨ ਦੀ ਨਿਯਮਤ ਪੂਰਤੀ ਨੂੰ ਪ੍ਰਭਾਵਿਤ ਕਰਨ ਵਾਲੀ ਅਜਿਹੀ ਕੋਈ ਸਥਿੱਤੀ ਪੈਦਾ ਹੁੰਦੀ ਹੈ ਜਾਂ ਮੌਜੂਦ ਹੈ ਜਾਂ ਨਹੀਂ।

ਨਿਰਸਨ ਅਤੇ ਬਚਾਉ।

45. (1) ਰਾਸ਼ਟਰੀ ਖੁਰਾਕ ਸੁਰੱਖਿਆ ਔਰਡੀਨੈਂਸ, 2013 ਇਸ ਦੇ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

2013 ਦਾ ਔਰਡੀਨੈਂਸ 7

(2) ਅਜਿਹੇ ਨਿਰਸਤ ਦੇ ਹੁੰਦਿਆਂ ਹੋਇਆਂ ਵੀ,-

(ੳ) ਕੀਤੀ ਕੋਈ ਗੱਲ, ਕੀਤੀ ਗਈ ਕੋਈ ਕਾਰਵਾਈ ਜਾਂ ਪਾਤਰ ਟੱਬਰਾਂ ਦੀ ਕੀਤੀ ਗਈ ਪਛਾਣ; ਜਾਂ

(ਅ) ਅਰਜਤ, ਉਤਪੰਨ ਜਾਂ ਉਠਾਏ ਕਿਸੇ ਅਧਿਕਾਰ, ਹੱਕ ਵਿਸ਼ੇਸ ਅਧਿਕਾਰ ਬਾਂਧਾ ਜਾ ਉੱਤਰਦਾਇਤਾ; ਜਾਂ

(ੲ) ਬਣਾਈਆਂ ਗਈਆਂ ਕੋਈ ਸੇਧਾਂ ਜਾਂ ਜਾਰੀ ਕੀਤੇ ਨਿਦੇਸ਼; ਜਾਂ

(ਸ) ਜਿਵੇਂ ਕਿ ਉਪਰੋਕਤ ਅਜਿਹੇ ਅਧਿਕਾਰ, ਹੱਕ ਵਿਸ਼ੇਸ ਅਧਿਕਾਰ ਜਾ ਉੱਤਰਦਾਇਤਾ ਬਾਰੇ ਅਰੰਭ ਕੀਤੀ ਗਈ, ਸੰਚਾਲਨ ਜਾਂ ਜਾਰੀ ਕੀਤੀ ਗਈ ਕੋਈ ਤਫ਼ਤੀਸ਼ ਜਾਂਚ ਜਾਂ ਕੋਈ ਹੋਰ ਕਾਨੂੰਨੀ ਕਾਰਵਾਈ;

(ਹ) ਕਿਸੇ ਅਪਰਾਧ ਬਾਰੇ ਅਰੋਪਿਆ ਕੋਈ ਡੰਨ,

ਉਕਤ ਔਰਡੀਨੈਂਸ ਅਧੀਨ ਇਹ ਸਮਝਿਆ ਜਾਵੇਗਾ ਕਿ ਉਹ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਦੇ ਅਧੀਨ ਕੀਤੀ ਗਈ, ਅਧਿਕਾਰੀ ਗਈ, ਬਣਾਈ ਗਈ, ਅਰਜਤ ਕੀਤੀ ਗਈ, ਉਤਪੰਨ ਹੋਈ, ਉਠਾਈ ਗਈ, ਤਿਆਰ ਕੀਤੀ ਗਈ, ਜਾਰੀ ਕੀਤੀ ਗਈ, ਅਰੰਭ ਕੀਤੀ ਗਈ, ਸੰਚਾਲਨ ਕੀਤੀ ਗਈ, ਜਾਰੀ ਜਾਂ ਅਰੋਪੀ ਗਈ ਹੈ।

-----

## ਅਨੁਸੂਚੀ I

[ਵੇਖੋ ਧਾਰਾਵਾਂ 3(1),22(1),(3) ਅਤੇ 24 (2), (3)]

ਟੀਚਾ ਪੂਰਤੀ ਪਬਲਿਕ ਵੰਡ ਪ੍ਰਣਾਲੀ ਅਧੀਨ ਸਹਾਇਤਾ ਪ੍ਰਾਪਤ ਕੀਮਤ।

ਪਾਤਰ ਟੱਬਰ ਧਾਰਾ 3 ਅਧੀਨ ਸਹਾਇਤਾ ਪ੍ਰਾਪਤ ਕੀਮਤ ਤੇ, ਜੋ ਚਾਵਲ ਲਈ 3 ਰੁਪਏ ਪ੍ਰਤਿ ਕਿਲੋਗ੍ਰਾਮ, ਕਣਕ ਲਈ 2 ਰੁਪਏ ਪ੍ਰਤਿ ਕਿਲੋਗ੍ਰਾਮ ਅਤੇ ਮੋਟੇ ਅਨਾਜ ਲਈ 1 ਰੁਪਏ ਪ੍ਰਤਿ ਕਿਲੋਗ੍ਰਾਮ ਤੋਂ ਵੱਧ ਦੀ ਨਹੀਂ ਹੋਵੇਗੀ, ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਤਿੰਨ ਸਾਲ ਦੀ ਮੁਦੱਤ ਲਈ ਅਤੇ ਉਸਦੇ ਪਿੱਛੋਂ ਅਜਿਹੀ ਕੀਮਤ ਤੇ ਅਨਾਜ ਲੈਣ ਦਾ ਹੱਕਦਾਰ ਹੋਵੇਗਾ, ਜੋ ਕੇਂਦਰੀ ਸਰਕਾਰ ਦੁਆਰਾ ਸਮੇਂ ਸਮੇਂ ਤੇ ਨਿਯਤ ਕੀਤੀ ਜਾਵੇ:-

(i) ਕਣਕ ਅਤੇ ਮੋਟੇ ਅਨਾਜ ਲਈ ਘੱਟ ਤੋਂ ਘੱਟ ਸਮੱਰਥਨ ਕੀਮਤ; ਅਤੇ

(ii) ਚਾਵਲ ਲਈ ਵਿਉਤਪੰਨ ਘੱਟ ਤੋਂ ਘੱਟ ਸਮੱਰਥਨ ਕੀਮਤ, ਜਿਹੀ ਕਿ ਸੂਰਤ ਹੋਵੇ, ਤੋ ਵੱਧਦੀ ਨਹੀਂ ਹੋਵਗੀ।

-----

## ਅਨੁਸੂਚੀ II

[ਵੇਖੋ ਧਾਰਾਵਾਂ 4(ੳ),5(1) ਅਤੇ (6)]

### ਪੌਸ਼ਟਿਕ ਮਿਆਰ

ਪੌਸ਼ਟਿਕ ਮਿਆਰ: ਛੇ ਮਹੀਨੇ ਤੋਂ ਤਿੰਨ ਸਾਲ ਦੀ ਉਮਰ ਦੇ ਵਰਗ, ਤਿੰਨ ਸਾਲ ਤੋਂ ਛੇ ਸਾਲ ਦੀ ਉਮਰ ਦੇ ਵਰਗ ਦੇ ਬੱਚਿਆਂ ਅਤੇ ਗਰਭਵਤੀ ਇਸਤਰੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਲਈ ਪੌਸ਼ਟਿਕ ਮਿਆਰ "ਘਰ ਲੈ ਜਾਣ ਵਾਲੇ ਰਾਸ਼ਨ" ਮੁਹੱਈਆ ਕਰਵਾਕੇ ਜਾਂ ਏਕੀਕ੍ਰਿਤ ਬਾਲ ਵਿਕਾਸ ਸੇਵਾ ਸਕੀਮ ਦੇ ਅਨੁਸਾਰ ਪੌਸ਼ਟਿਕ ਗਰਮ ਪੱਕਿਆ ਹੋਇਆਂ ਭੋਜਨ ਜਾਂ ਖਾਣ ਦੇ ਲਈ ਤਿਆਰ ਭੋਜਨ ਉਪਲੱਬਧ ਕਰਵਾ ਕੇ ਪੂਰਾ ਕੀਤਾ ਜਾਣਾ ਲੋੜੀਂਦਾ ਹੈ ਪਰ ਦੁਪਹਿਰ ਦੇ ਭੋਜਨ ਸਕੀਮ ਅਧੀਨ ਹੇਠਲੀਆਂ ਅਤੇ ਉਚੇਰੀਆਂ ਮੁਢੱਲੀਆਂ ਕਲਾਸਾਂ ਦੇ ਬੱਚਿਆਂ ਨੂੰ ਪੌਸ਼ਟਿਕ ਮਿਆਰ ਹੇਠਾਂ ਲਿਖੇ ਅਨੁਸਾਰ ਹਨ:-

| ਕ੍ਰਮ ਨੰਬਰ | ਸ਼੍ਰੈਣੀ | ਭੋਜਨ ਦੀ ਕਿਸਮ | ਕੈਲੋਰੀਜ (ਵਿ:ਕੈਲੋਰੀਜ਼) | ਪ੍ਰੋਟੀਨ ਗ੍ਰਾਮ |
|---|---|---|---|---|
| 1. | 2. | 3. | 4. | 5. |
| 1. | ਬੱਚੇ (6 ਮਹੀਨੇ ਤੋਂ 3 ਸਾਲ) | ਘਰ ਲੈ ਜਾਣ ਵਾਲਾ ਰਾਸ਼ਨ | 500 | 12-15 |
| 2. | ਬੱਚੇ (3 ਤੋਂ 6 ਸਾਲ) | ਸਵੇਰ ਦਾ ਨਾਸਤਾ ਅਤੇ ਗਰਮ ਪੱਕਿਆ ਹੋਇਆ ਭੋਜਨ | 500 | 12-15 |

| | | | | |
|---|---|---|---|---|
| 3. | ਬੱਚੇ (6 ਮਹੀਨੇ ਤੋਂ 6 ਸਾਲ) ਜੋ ਕੁਪੋਸਿਤ ਹਨ | ਘਰ ਲੈ ਜਾਣ ਵਾਲਾ ਰਾਸ਼ਨ | 800 | 20-25 |
| 4. | ਹੇਠਲੀਆਂ ਮੁੱਢਲੀਆਂ ਕਲਾਸਾਂ | ਗਰਮ ਪੱਕਿਆ ਭੋਜਨ | 450 | 12 |
| 5. | ਉਚੇਰੀਆਂ ਮੁੱਢਲੀਆਂ ਕਲਾਸਾਂ | ਗਰਮ ਪੱਕਿਆ ਭੋਜਨ | 700 | 20 |
| 6. | ਗਰਭਵਤੀ ਇਸਤਰੀਆਂ ਅਤੇ ਦੁੱਧ ਚੁੰਘਾਉਂਦੀਆਂ ਮਾਵਾਂ | ਘਰ ਲੈ ਜਾਣ ਵਾਲਾ ਭੋਜਨ | 600 | 18-20 |

## ਅਨੁਸੂਚੀ III

[ਵੇਖੋ ਧਾਰਵਾਂ 31]

ਖੁਰਾਕ ਸੁਰੱਖਿਆ ਅਗਾਂਹਵਧੂ ਬਣਾਉਣ ਲਈ ਉਪਬੰਧ

(1) ਖੇਤੀ ਦਾ ਮੁੜ ਸ਼ਕਤੀਸਾਲੀ ਬਣਾਉਣ-

(ੳ) ਛੋਟੇ ਅਤੇ ਸੀਮਾਂਤਕ ਕਿਸਾਨਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਦੇ ਉਪਾਵਾਂ ਰਾਹੀਂ ਖੇਤੀ ਸੁਧਾਰ ਕਰਨ;

(ਅ) ਖੇਤੀ, ਨਿਵੇਸ ਵਿੱਚ ਵਾਧਾ ਕਰਨਾ, ਜਿਸ ਵਿੱਚ ਖੋਜ ਅਤੇ ਵਿਕਾਸ, ਵਿਸਤਾਰ ਸੇਵਾਵਾਂ, ਸੂਖਮ ਅਤੇ ਛੋਟੇ ਸਿੰਜਾਈ ਅਤੇ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ ਬਿਜਲੀ, ਵੀ ਸ਼ਾਮਲ ਹੈ;

(ੲ) ਮਿਹਨਤਾਨਾ ਕੀਮਤਾਂ, ਨਿਵੇਸ਼ ਤੱਕ ਪਹੁੰਚ, ਉਧਾਰ, ਸਿੰਜਾਈ, ਬਿਜਲੀ, ਫ਼ਸਲ ਬੀਮਾ ਆਦਿ ਦੇ ਰੂਪ ਵਿੱਚ ਕਿਸਾਨ ਨੂੰ ਜੀਵਕਾ ਦੀ ਸੁਰੱਖਿਆ ਸੁਨਿਸ਼ਚਤ ਕਰਨਾ;

(ਸ) ਖੁਰਾਕ ਉਤਪਾਦਨ ਤੋਂ ਭੋਂ ਅਤੇ ਪਾਣੀ ਦੇ ਅਨਉਚਿਤ ਰੁਖ ਮੋੜਨ ਦੀ ਮਨਾਹੀ ਕਰਨਾ।

(2) ਉਪਾਪਨ, ਭੰਡਾਰਣ ਅਤੇ ਆਵਾਜਾਈ ਨਾਲ ਸਬੰਧਤ ਮੁਦਾਖਲਤ-

(ੳ) ਵਿਕੇਂਦਰੀਕ੍ਰਿਤ ਉਪਾਪਨ ਨੂੰ, ਜਿਸ ਵਿੱਚ ਮੋਟੇ ਅਨਾਜ ਦਾ ਉਪਾਪਨ ਵੀ ਸ਼ਾਮਲ ਹੈ, ਉਤਸਾਹਿਤ ਕਰਨ;

(ਅ) ਉਪਾਪਨ ਕਿਰਿਆਵਾਂ ਦੀ ਭੂਗੋਲਿਕ ਬਹੁ-ਵਿਭਿੰਨਤਾ;

(ਏ) ਆਧੁਨਿਕ ਅਤੇ ਵਿਗਿਆਨਕ ਭੰਡਾਰਣ ਦਾ ਲੋੜ ਅਨੁਸਾਰ ਵਿਕੇਂਦਰੀਕ੍ਰਿਤ ਵਿੱਚ ਇਜਾਫ਼ਾ ਕਰਨਾ;

(ਸ) ਅਨਾਜ ਦੀ ਆਵਾਜਾਈ ਨੂੰ ਉੱਚ ਪਹਿਲ ਦੇਣਾ ਅਤੇ ਇਸ ਪ੍ਰਯੋਜਨ ਲਈ ਉਪਯੁਕਤ ਸੰਖਿਆ ਵਿੱਚ ਰੇਕ ਮੁਹੱਈਆ ਕਰਵਾਉਣਾ, ਜ਼ਿਸ ਵਿੱਚ ਵਾਫ਼ਰ ਵਾਲੇ ਖੇਤਰਾਂ ਤੋ ਉਪਭੋਗ ਵਾਲੇ ਖੇਤਰਾਂ ਵਿੱਚ ਅਨਾਜ ਦੀ ਆਵਾਜਾਈ ਨੂੰ ਸੁਵਿਧਾਜਨਕ ਬਣਾਉਣ ਲਈ ਰੇਲਵੇ ਲਾਈਨਾਂ ਦੀ ਸਮੱਰਥਾ ਦਾ ਵਿਸਤਾਰ ਕਰਨਾ ਵੀ ਸ਼ਾਮਲ ਹੈ।

(2) ਇਸ ਤੋਂ ਬਿਨਾਂ, ਹੇਠ ਲਿਖਿਆ ਤੱਕ ਪਹੁੰਚ-

(ੳ) ਸੁਰੱਖਿਅਤ ਅਤੇ ਲੋੜ ਅਨੁਸਾਰ ਪੀਣ ਵਾਲਾ ਪਾਣੀ ਅਤੇ ਸਵੱਛਤਾ;

(ਅ) ਸਿਹਤ ਦੇਖ-ਭਾਲ;

(ੲ) ਗਭਰੇਟ ਲੜਕੀਆਂ ਨੂੰ ਪੌਸ਼ਟਿਕਤਾ, ਸਿਹਤ ਅਤੇ ਸਿਖਿਆ ਦੀ ਸਹਾਇਤਾ;

(ਸ) ਸੀਨੀਅਰ ਨਾਗਰਿਕਾਂ, ਅਪੰਗ ਵਿਅਕਤੀਆਂ ਅਤੇ ਇੱਕਲੀਆਂ ਇਸਤਰੀਆਂ ਨੂੰ ਲੋੜ ਅਨੁਸਾਰ ਪੈਨਸ਼ਨਾਂ।

----

# ਅਨੁਸੂਚੀ IV

[ਵੇਖੋ ਧਾਰਵਾਂ 3 (1)]

ਰਾਜ ਅਨੁਸਾਰ ਅਨਾਜਾਂ ਦੀ ਵੰਡ ਕਰਨਾ

| ਕ੍ਰਮ ਨੰਬਰ | ਰਾਜ ਦਾ ਨਾਂ | ਮਾਤਰਾ (ਲੱਖ ਟਨਾਂ ਵਿੱਚ) |
|---|---|---|
| 1. | 2. | 3. |
| 1. | ਆਂਧਰਾ ਪ੍ਰਦੇਸ਼ | 32.10 |
| 2. | ਅਰੁਣਾਚਲ ਪ੍ਰਦੇਸ਼ | 0.89 |
| 3. | ਆਸਾਮ | 16.95 |
| 4. | ਬਿਹਾਰ | 55.27 |
| 5. | ਛੱਤੀਸਗੜ੍ਹ | 12.91 |
| 6. | ਦਿੱਲੀ | 5.73 |
| 7. | ਗੋਆ | 0.59 |
| 8. | ਗੁਜਰਾਤ | 23.95 |
| 9. | ਹਰਿਆਣਾ | 7.95 |
| 10. | ਹਿਮਾਚਲ ਪ੍ਰਦੇਸ਼ | 5.08 |
| 11. | ਜੰਮੂ ਅਤੇ ਕਸ਼ਮੀਰ | 7.51 |
| 12. | ਝਾਰਖੰਡ | 16.96 |

| | | |
|---|---|---|
| 13. | ਕਰਨਾਟਕਾ | 25.56 |
| 14. | ਕੇਰਲਾ | 14.25 |
| 15. | ਮੱਧ ਪ੍ਰਦੇਸ਼ | 34.68 |
| 16. | ਮਹਾਰਾਸ਼ਟਰ | 45.02 |
| 17. | ਮਨੀਪੁਰ | 1.51 |
| 18. | ਮੇਘਾਲਯ | 1.76 |
| 19. | ਮੀਜ਼ੋਰਮ | 0.66 |
| 20. | ਨਾਗਾਲੈਂਡ | 1.38 |
| 21. | ਉਡੀਸ਼ਾ | 21.09 |
| 22. | ਪੰਜਾਬ | 8.70 |
| 23. | ਰਾਜਸਥਾਨ | 27.92 |
| 24. | ਸਿੱਕਮ | 0.44 |
| 25. | ਤਾਮਿਲ ਨਾਡੂ | 36.78 |
| 26. | ਤ੍ਰਿਪੁਰਾ | 2.71 |
| 27. | ਉਤਰ ਪ੍ਰਦੇਸ਼ | 96.15 |
| 28. | ਉਤਰਾਖੰਡ | 5.03 |
| 29. | ਪੱਛਮੀ ਬੰਗਾਲ | 38.49 |
| 30. | ਅੰਡੇਮਾਨ ਅਤੇ ਨਿਕੋਬਾਰ ਦੀਪਸਮੂਹ | 0.16 |

| | | |
|---|---|---|
| 31. | ਚੰਡੀਗੜ੍ਹ | 0.31 |
| 32. | ਦਾਦਰਾ ਅਤੇ ਨਗਰ ਹਵੇਲੀ | 0.15 |
| 33. | ਦਮਨ ਅਤੇ ਦਿਉ | 0.07 |
| 34. | ਲੱਕਸ਼ਦੀਪ | 0.05 |
| 35. | ਪੁਦੂਚੇਰੀ | 0.50 |
| | ਕੁੱਲ | 549.26 |

ਜੀ. ਨਾਰਾਇਣ ਰਾਜੂ
ਸਕੱਤਰ, ਭਾਰਤ ਸਰਕਾਰ।

Secretary to the Government of India.